# ਸਿੱਧ ਵਿਸ਼ਵਾਸ

ਸਾਡੇ ਸਵਰਗੀ ਪਿਤਾ, ਅੱਜ ਰਾਤ ਸਾਡੀ ਇਹ ਮਨਸ਼ਾ ਹੈ । ਅਸੀਂ ਸਿਰਫ ਵਿਸ਼ਵਾਸ ਕਰਨ ਲਈ ਇਕਠੇ ਹੋਏ ਹਾਂ ਅਤੇ ਸਿਰਫ ਪ੍ਰਭੂ ਯਿਸੂ ਉਤੇ ਵਿਸ਼ਵਾਸ ਕਰਨ ਲਈ । ਅੱਜ ਰਾਤ ਇਥੇ ਉਹ ਲੋਕ ਹਨ ਜੋ ਦੁਖੀ ਅਤੇ ਬੀਮਾਰ ਹਨ ਅਤੇ ਅਸੀਂ ਸਾਡੀ ਸਭਾ ਨੂੰ ਬਿਮਾਰਾਂ ਅਤੇ ਸਰੀਰ ਵਿੱਚ ਮਾਂਦੇ ਲੋਕਾਂ ਦੀ ਚੰਗਾਈ ਲਈ ਸਮਰਪਿਤ ਕੀਤਾ ਹੈ । ਜਿਵੇਂ ਗਾਇਕ ਨੇ ਹੁਣੇ ਹੁਣੇ ਉਹ ਸੁੰਦਰ ਭਜਨ ਗਾਇਆ, *ਫਿਰ ਯਿਸੂ ਆਇਆ,* ਹੇ ਜਾਵੇ ਪ੍ਰਭੂ ਕਿ ਤੂੰ ਅੱਜ ਰਾਤ ਦ੍ਰਿਸ਼ ਉੱਤੇ ਆ ਜਾਵੇਂ ਅਤੇ ਉਹ ਸਾਰੇ ਜੋ ਦੁਖੀ ਹਨ ਉਹਨਾਂ ਨੂੰ ਚੰਗਾ ਕਰ ਦੇਵੇਂ ਅਤੇ ਅੱਜ ਰਾਤ ਸਾਡੇ ਵਿੱਚਕਾਰ ਕੋਈ ਵੀ ਕਮਜੋਰ ਮਨੁੱਖ ਨਾ ਰਹੇ । ਪ੍ਰਭੂ ਇਹ ਬਖ਼ਸ ਦੇ ਅਤੇ ਜਿਵੇਂ ਅਸੀਂ ਵਚਨ ਵਲ ਵੇਖਦੇ ਹਾਂ ਸਾਡੀ ਮਦਦ ਕਰ ਕਿ ਸਾਡੇ ਕੋਲ ਇਸ ਘੜੀ ਲਈ ਜੋ ਵਿਸ਼ਵਾਸ ਹੋਣਾ ਚਾਹਿਦਾ ਹੈ ਉਹ ਹੋਵੇ । ਅਸੀਂ ਇਹ ਯਿਸੂ ਦੇ ਨਾਮ ਵਿੱਚ ਮੰਗਦੇ ਹਾਂ । ਆਮੀਨ ।

2 (ਇਹ ਕਿਸਦੀ ਹੈ?) ਇਥੇ ਇੱਕ ਐਨਕ ਹੈ ਜੋ ਕੋਈ ਭੁਲ ਗਿਆ ਹੈ ਅਤੇ ਇਹ ਚਰਚ ਵਿੱਚ ਲਭੀ ਹੈ । ਜੇ ਕੋਈ...ਜੇਕਰ ਇਹ ਤੁਹਾਡੀ ਹੈ ਤਾਂ, ਖੈਰ ਇਹ ਇਥੇ ਮੰਚ ਉੱਤੇ ਹੈ ।

3 ਹੁਣ ਮੈਂ ਜਾਣਦਾ ਹਾਂ ਕਿ ਬਹੁਤ ਸਾਰੇ ਕੰਮਾਂ ਕਾਜਾਂ ਵਾਲੇ ਹਨ ਅਤੇ ਉਹਨਾਂ ਨੂੰ ਘਰ ਜਲਦੀ ਜਾਣਾ ਹੈ ਅਤੇ ਇਸ ਲਈ ਮੈਂ ਜਿਆਦਾ ਸਮਾਂ ਨਹੀਂ ਬੋਲਾਂਗਾ; ਅਤੇ ਫਿਰ ਅਸੀਂ ਬਿਮਾਰਾਂ ਲਈ ਪ੍ਰਾਰਥਨਾ ਕਰਨ ਲਈ ਕਤਾਰ ਬੁਲਾਵਾਂਗੇ । ਇਸ ਨਾਲ ਮੈਨੂੰ ਮੌਕਾ ਮਿਲ ਜਾਵੇਗਾ ਕਿ ਕਮਰੇ ਵਿੱਚ ਜੋ ਐਮਰਜੈਂਸੀ ਆ ਰਹੀ ਹੈ ਮੈਂ ਉਧਰ ਜਾ ਸਕਾਂ, ਮੈਂ ਇਥੇ ਆਉਣ ਤੋਂ ਪਹਿਲਾਂ ਇਸ ਦੁਪਹਿਰ ਉਹਨਾਂ ਨਾਲ ਸੀ । ਉਹਨਾਂ ਵਿਚੋਂ ਕਈ ਬਹੁਤ ਜਿਆਦਾ ਬੁਰੀ ਹਾਲਤ ਵਿੱਚ ਹਨ ਅਤੇ ਹਿੰਸਕ ਹੋ ਜਾਂਦੇ ਹਨ । ਅਤੇ ਮੈਂ ਟੇਲੀਫੋਨ ਤੇ ਵੀ ਬਿਮਾਰਾਂ ਲਈ ਪ੍ਰਾਰਥਨਾ ਕਰ ਰਿਹਾ ਸੀ । ਮੈਂ ਵੇਖ ਰਿਹਾ ਹਾਂ ਕਿ ਪ੍ਰਭੂ ਯਿਸੂ ਦਾ ਹੱਥ ਦੁਖੀਆਂ ਅਤੇ ਬਿਮਾਰਾਂ ਨੂੰ ਚੰਗਾ ਕਰ ਰਿਹਾ ਹੈ ਅਤੇ ਉਹ ਕਿੰਨਾ ਅਦਭੁਤ ਹੈ!

4 ਹੁਣ ਅਸੀਂ ਇਹੋ ਜਿਹੀਆਂ ਚੰਗਾਈ ਸਭਾਵਾਂ ਅਕਸਰ ਨਹੀਂ ਕਰਦੇ ਕਿਉਂਕਿ ਅਸੀਂ ਆਮ ਤੌਰ ਤੇ...ਜੇਕਰ ਕੋਈ ਐਮਰਜੈਂਸੀ ਮਾਮਲਾ ਹੁੰਦਾ ਹੈ ਤਾਂ ਪਵਿੱਤਰ ਆਤਮਾ ਆਉਂਦਾ ਹੈ ਅਤੇ ਛੇਤੀ ਨਾਲ ਜਾਂਚ ਲੈਂਦਾ ਹੈ ਅਤੇ ਇਸ ਨੂੰ ਚੁਣ ਲੈਂਦਾ ਹੈ ਅਤੇ ਇਸ ਬਾਰੇ ਕੁਝ ਕਹਿੰਦਾ ਹੈ । ਫਿਰ ਉਹਨਾਂ ਵਿਚੋਂ ਬਾਕੀ, ਕਿਉਂ, ਅਸੀਂ ਸਿਰਫ...ਹੋ ਸਕਦਾ ਹੈ ਇਹ ਜਿਆਦਾ ਬੁਰਾ ਨਹੀਂ ਹੈ, ਇਸ ਲਈ ਅਸੀਂ ਇਸ ਨੂੰ ਛੱਡ ਕੇ ਅਗੇ ਲੰਘ ਜਾਂਦੇ ਹਾਂ । ਅਤੇ ਮੈਂ ਸੋਚਿਆ ਕਿ ਇਹ ਅੱਜ ਦੀ ਦੂਸਰੀ ਸਭਾ ਹੈ ਅਤੇ ਇੰਝ ਹੋਣਾ ਚਾਹੀਦਾ ਹੈ ਕਿ ਸਾਨੂੰ ਇੱਕ ਸਭਾ ਬੀਮਾਰਾਂ ਦੇ ਲਈ ਪ੍ਰਾਰਥਨਾ ਕਰਨ ਲਈ ਸਮਰਪਿਤ ਕਰਨੀ ਚਾਹੀਦੀ ਹੈ । ਮੈਂ ਬਿਮਾਰਾਂ ਨੂੰ ਚੰਗਾ ਕਰਨ ਵਿੱਚ ਵਿਸ਼ਵਾਸ ਕਰਦਾ ਹਾਂ । ਮੈਂ ਵਿਸ਼ਵਾਸ ਕਰਦਾ ਹਾਂ ਕਿ ਇਹ ਬਾਈਬਲ ਦਾ ਫਰਮਾਨ ਹੈ । ਅਸੀਂ ਸੰਪੂਰਨ ਇੰਜੀਲ ਦਾ ਪ੍ਰਚਾਰ...ਇਸਦੇ ਬਿਨਾਂ ਨਹੀਂ ਕਰ ਸਕਦੇ ।

5 ਹੁਣ ਇਹ ਸੰਭਵ ਹੈ...ਮੈਂ ਅਜੇ ਤੱਕ ਨਹੀਂ ਜਾਣਦਾ, ਮੈਂ ਅੱਜ ਰਾਤ ਘਰ ਟੇਲੀਫੋਨ ਨਹੀਂ ਕੀਤਾ ਅਤੇ ਇਹ ਸੰਭਵ ਹੈ ਕਿ ਅਗਲੇ ਐਤਵਾਰ ਮੈਂ ਫਿਰ ਇਥੇ ਹੋਵਾਂ । ਅਤੇ ਜੇਕਰ ਤੁਸੀਂ— ਜੇਕਰ ਤੁਸੀਂ ਇਸ ਹਫਤੇ ਸਾਡੇ ਕੋਲੋਂ ਨਹੀਂ ਸੁਣਦੇ, ਜੇਕਰ ਬਿਲੀ ਤੁਹਾਨੂੰ ਨਹੀਂ ਦੱਸਦਾ (ਉਸ ਨੂੰ

ਇਸ ਹਫਤੇ ਵਿੱਚ ਥੋੜੀ ਦੇਰ ਨਾਲ ਪਤਾ ਲਗੇਗਾ), ਜੇਕਰ ਤੁਸੀਂ ਨਹੀਂ ਸੁਣਦੇ, ਤਾਂ ਫਿਰ ਅਸੀਂ ਅਗਲੇ ਐਤਵਾਰ ਫਿਰ ਇਥੇ ਹੋਵਾਂਗੇ; ਕਿਉਂਕਿ ਇਹ ਮਜਦੂਰ ਦਿਵਸ ਹੋਵੇਗਾ ਤਾਂਕਿ ਆਰਾਮ ਕੀਤਾ ਜਾਵੇ ਅਤੇ ਇਸ ਲਈ...ਜਾਂ ਘਰ ਜਾਣ ਲਈ । ਵੇਖਿਆ? ਅਤੇ ਇਸ ਲਈ ਅਸੀਂ ਕੋਸਿਸ਼ ਕਰਾਂਗੇ, ਜੇਕਰ ਪਰਮੇਸ਼ੁਰ ਦੀ ਮਰਜੀ ਹੋਵੇਗੀ । ਹੁਣ, ਜੇਕਰ ਤੁਸੀਂ ਨਹੀਂ ਸੁਣਦੇ... ਮੈਂ ਸੋਚਦਾ ਹਾਂ ਕਿ ਬਿਲੀ ਤੁਹਾਨੂੰ ਇੱਕ ਕਾਰਡ ਦੇਵੇਗਾ ਜਾਂ ਸਭਾ ਦੇ ਦੌਰਾਨ ਤੁਹਾਨੂੰ ਕਿਸੇ ਤਰ੍ਹਾਂ ਦਸੇਗਾ ਇਸ ਲਈ ਜੇਕਰ ਉਹ ਤੁਹਾਨੂੰ ਟੇਲੀਫੋਨ ਨਹੀਂ ਕਰਦਾ ਤਾਂ ਫਿਰ ਮੈਂ ਅਗਲੇ ਐਤਵਾਰ ਲਈ ਇਥੇ ਵਾਪਸ ਆ ਰਿਹਾ ਹਾਂ, ਜੇਕਰ ਭਾਈ ਨੇਵਿਲ, ਕੀ ਠੀਕ ਹੈ, ਇੱਕ ਸਭਾ ਲਈ? [ਭਾਈ ਨੇਵਿਲ ਭਾਈ ਬ੍ਰਾਨਹਾਮ ਨਾਲ ਗੱਲ ਕਰਦੇ ਹਨ–ਸੰਪਾਦਕ ।] ਔਹ, ਇਹ ਵਧੀਆ ਹੈ ।

6 ਜੇਕਰ ਕੋਈ ਇਸ ਛੋਟੇ ਕਾਲਿੰਸ ਬਾਰੇ ਜਾਨਣਾ ਚਾਹੁੰਦਾ ਹੈ । ਅਤੇ ਸੱਤ ਮੋਹਰਾਂ ਦੇ ਪਰਚਾਰ ਦੇ ਦੌਰਾਨ ਓਸ ਛੋਟੇ ਮੁੰਡੇ ਨੂੰ ਗਠੀਏ ਦਾ ਬੁਖਾਰ ਸੀ ਅਤੇ ਡਾਕਟਰਾਂ ਨੇ ਕਿਹਾ ਸੀ ਕਿ ਉਸਨੂੰ ਪਿੱਠ ਭਾਰ ਲੇਟਣਾ ਪੈਣਾ ਹੈ ਅਤੇ ਟਿਊਬ ਰਾਹੀਂ ਪੀਣਾ ਪੈਣਾ ਹੈ । ਅਤੇ ਉਸਦੇ ਮਾਤਾ ਪਿਤਾ ਉਸਨੂੰ ਘਰੋਂ ਲੈ ਕੇ ਆਏ ਅਤੇ ਉਸਨੂੰ ਕਮਰੇ ਵਿੱਚ ਰਖਿਆ ਅਤੇ ਉਸਤੇ ਪ੍ਰਾਰਥਨਾ ਕੀਤੀ । ਅਤੇ ਪ੍ਰਭੂ ਯਿਸੂ ਨੇ ਉਸਨੂੰ ਪੂਰੀ ਤਰ੍ਹਾਂ ਚੰਗਾ ਕਰ ਦਿੱਤਾ ਅਤੇ ਉਹ ਵਾਪਸ ਸਕੂਲ ਚਲਾ ਗਿਆ ਅਤੇ ਅਧਿਕਾਰੀਆਂ ਨੇ ਉਹਨਾਂ ਨੂੰ ਇਸਦੇ ਬਾਰੇ ਜਾਣਨ ਲਈ ਬੁਲਾਇਆ । ਇਸ ਲਈ ਉਹਨਾਂ ਉਸ ਡਾਕਟਰ ਨੂੰ ਵੀ ਬੁਲਾਇਆ ਜੋ ਉਸਦਾ ਇਲਾਜ ਕਰ ਰਹੀ ਸੀ... ਉਹ ਇਸ ਤਰ੍ਹਾਂ ਦੀ ਗਲ ਤੇ ਵਿਸ਼ਵਾਸ ਨਹੀਂ ਕਰ ਸਕੀ ਅਤੇ ਉਹਨਾਂ ਨੇ ਉਸ ਮੁੰਡੇ ਨੂੰ ਲੈ ਜੇ ਉਸਦੀ ਜਾਂਚ ਕੀਤੀ ਅਤੇ ਉਹ ਪੂਰੀ ਤਰ੍ਹਾਂ ਠੀਕ ਸੀ । ਫਿਰ ਯਿਸੂ ਆਇਆ ਅਤੇ ਪਰਤਾਉਣ ਵਾਲੇ ਦੀ ਸਕਤੀ ਤੋੜ੍ਹ ਦਿਤੀ ।

7 ਤੁਸੀਂ ਇਸ ਅਜੀਬ ਗਲ ਬਾਰੇ ਜਾਣਦੇ ਹੋ, ਅੱਜ ਰਾਤ ਮੈਂ ਇਹ ਗੀਤ ਕਿਸੇ ਨੂੰ ਗਾਉਣ ਲਈ ਕਹਿਣ ਵਾਲਾ ਸੀ । ਅਤੇ ਜਦੋਂ ਮੈਂ ਉਥੇ ਕਮਰੇ ਵਿੱਚ ਸੇਵਾ ਕਰ ਰਿਹਾ ਸੀ, ਇਹ ਆ ਗਿਆ, ਇਥੇ ਕੋਈ ਗਾ ਰਿਹਾ ਸੀ, *ਫਿਰ ਯਿਸੂ ਆਇਆ* । ਜੇਕਰ ਇਹ–ਇਹ ਨਹੀਂ ਗਾਇਆ ਜਾਂਦਾ ਤਾਂ ਇਸ ਤੋਂ ਪਹਿਲਾਂ ਕਿ ਮੈਂ ਬੋਲਦਾ ਮੈਂ ਕਿਸੇ ਨੂੰ ਇਹ ਗਾਉਣ ਲਈ ਕਹਿਣ ਵਾਲਾ ਸੀ । ਇਸ ਲਈ, ਉਹ–ਉਹ ਸਭ ਕੁਝ ਠੀਕ ਕਰਦਾ ਹੈ ।

8 ਹੁਣ, ਤੁਹਾਡੇ ਵਿਚੋਂ ਬਹੁਤ ਸਾਰੇ ਸਵੇਰ ਹੋਣ ਤੱਕ ਇੰਤਜਾਰ ਕਰਨਗੇ ਕਿਉਂਕਿ ਤੁਸੀਂ ਬਹੁਤ ਦੂਰ ਜਾਣਾ ਹੈ ਅਤੇ ਮੈਂ–ਮੈਂ ਇਸ ਕੋਸ਼ਿਸ ਦੀ ਕਦਰ ਕਰਦਾ ਹਾਂ । ਤੁਹਾਡੇ ਵਿਚੋਂ ਕੁਝ ਅੱਜ ਰਾਤ ਹੀ ਸਫਰ ਕਰਕੇ ਘਰ ਜਾਣਗੇ ਕਿਉਂਕਿ ਸਵੇਰੇ ਦਿਨ ਚੜ੍ਹੇ ਨੂੰ ਤੁਸੀਂ ਕੰਮ ਤੇ ਜਾਣਾ ਹੈ ਅਤੇ ਮੈਂ–ਮੈਂ ਜਾਣਦਾ ਹਾਂ ਕਿ ਇਹ ਔਖਾ ਹੈ । ਅਤੇ ਫਿਰ ਜਦੋਂ ਮੈਂ ਸੋਚਦਾ ਹਾਂ ਅਤੇ ਵੇਖਦਾ ਹਾਂ,...

9 ਮੈਂ ਵੀ ਆਰਾਮ ਕਰਦਾ ਹਾਂ, ਤੁਸੀਂ ਜਾਣਦੇ ਹੋ; ਮੈਂ ਉਦਾਸ ਹੋ ਜਾਂਦਾ ਹਾਂ । ਮੈਂ ਇੱਕ ਥਾਂ ਤੇ ਜਾਂਦਾ ਹਾਂ ਜਿਥੇ ਮੈਂ...ਮੈਨੂੰ ਕੀ ਹੁੰਦਾ ਹੈ ਕਿ ਜਦ ਹੱਦ ਤੋਂ ਜਿਆਦਾ ਕੰਮ ਕਰ ਲਿਆ ਹੁੰਦਾ ਹੈ ਅਤੇ ਮੈਂ ਆਰਾਮ ਕਰ ਰਿਹਾ ਹੁੰਦਾ ਹਾਂ ਅਤੇ ਸ਼ਤਾਨ ਆ ਕੇ ਮੈਨੂੰ ਇਹ ਕਹਿੰਦਾ ਹੈ, "ਕਿਓਂ, ਕੋਈ ਤੇਰੀ ਪਰਵਾਹ ਨਹੀਂ ਕਰਦਾ । ਤੇਰਾ ਇਸ ਸੰਸਾਰ ਵਿੱਚ ਅਸਲ ਵਿੱਚ ਕੋਈ ਮਿੱਤਰ ਨਹੀਂ ਹੈ, ਵੇਖਿਆ" । ਅਤੇ ਇਸ ਲਈ...

10 ਯਾਦ ਰਖੋ, ਮੈਂ ਪਰਤਾਵੇ ਤੋਂ ਸੁਰਖਿਅਤ ਨਹੀਂ ਹਾਂ । ਵੇਖਿਆ, ਮੈਨੂੰ ਉਸ ਨੂੰ ਜਿੱਤਣਾ ਪੈਂਦਾ ਹੈ । ਫਿਰ ਜਦੋਂ ਮੈਂ ਪਿਛੇ ਵੇਖਦਾ ਹਾਂ ਅਤੇ ਕੁਝ ਅਜਿਹਾ ਨਜਰ ਆਉਂਦਾ ਹੈ ਤਾਂ ਮੈਂ ਉਸਨੂੰ

ਉਸਦੇ ਮੂੰਹ ਤੇ ਮਾਰਦਾ ਹਾਂ ਅਤੇ ਕਹਿੰਦਾ ਹਾਂ, “ਇਸਦੇ ਬਾਰੇ ਕੀ ਹੈ?” ਇਹ ਮੈਨੂੰ ਜਿਤਣ ਵਿੱਚ ਮਦਦ ਕਰਦਾ ਹੈ। “ਇਸਦੇ ਬਾਰੇ ਕੀ ਹੈ?”

11 ਜਿਵੇਂ ਮੇਰਾ ਇੱਕ ਦੋਸਤ ਇਥੇ ਸਭਾ ਵਿੱਚ ਬੈਠਾ ਹੋਇਆ ਹੈ, ਇੱਕ ਕਬੀਲਾ ਸੀ ਜੋ ਦੈਵਿਕ ਚੰਗਾਈ ਵਿੱਚ ਵਿਸ਼ਵਾਸ ਨਹੀ ਕਰਦਾ ਸੀ, ਉਹ ਥੋੜੀ ਦੇਰ ਪਹਿਲਾਂ ਇਸ ਜਵਾਨ ਕੋਲ ਆਏ ਅਤੇ ਉਸਨੂੰ ਕਿਹਾ, “ਜਿਸ ਦੈਵਿਕ ਚੰਗਾਈ ਬਾਰੇ ਤੁਸੀਂ ਪਰਚਾਰ ਕਰ ਰਹੇ ਹੋ, ਅਜਿਹੀ ਕੋਈ ਚੀਜ ਨਹੀਂ ਹੈ”।

12 ਅਤੇ ਇਹ ਮਨੁੱਖ ਕੰਟਕੀ ਵਿੱਚ ਰਹਿੰਦਾ ਹੈ, ਇੱਕ ਬਿਰਧ ਔਰਤ ਦੇ ਘਰ ਦੇ ਕੋਲ, ਜੱਦ ਅਸੀਂ ਐਕਟਨ ਕੈਂਪਗਰਾਉਂਡ ਵਿੱਚ ਸੀ ਤਦ ਉਹ ਕੈਂਸਰ ਨਾਲ ਮਰ ਰਹੀ ਸੀ। ਅਤੇ ਉਸਦੀ ਭੈਣ ਉਸ ਰਾਤ ਉਸ ਸਭਾ ਵਿੱਚ ਆਪਣੇ ਪਰਸ ਵਿੱਚ ਰੁਮਾਲ ਲੈ ਕੇ ਆਈ ਅਤੇ ਪਵਿੱਤਰ ਆਤਮਾ ਨੇ ਉਸ ਔਰਤ ਨੂੰ ਬੁਲਾਇਆ (ਅਤੇ ਮੈਂ ਉਸ ਦੇਸ਼ ਵਿੱਚ ਪਹਿਲਾਂ ਕਦੇ ਨਹੀਂ ਗਿਆ ਸੀ) ਅਤੇ ਉਸਨੂੰ ਦੱਸਿਆ ਕਿ “ਉਸਦੇ ਪਰਸ ਵਿੱਚ ਇੱਕ ਰੁਮਾਲ ਹੈ, ਜੋ ਉਸ ਕੋਲ ਉਥੇ ਸੀ, ਜੋ ਉਹ ਘਰੋਂ ਲੈ ਕੇ ਆਈ ਸੀ ਅਤੇ ਉਸਦੀ ਭੈਣ ਕਿਸੇ ਛੋਟੀ ਪਹਾੜੀ ਉੱਤੇ ਪੇਟ ਦੇ ਕੈਂਸਰ ਨਾਲ ਮਰ ਰਹੀ ਸੀ। ਡਾਕਟਰ ਹਾਰ ਚੁਕੇ ਸਨ”। ਅਤੇ ਮੈਂ ਕਿਹਾ, “ਰੁਮਾਲ ਨੂੰ ਲੈ ਜਾ ਅਤੇ ਉਸ ਔਰਤ ਉੱਤੇ ਰਖ ਦੇ ਕਿਉਂਕਿ ਯਹੋਵਾਹ ਇੰਝ ਫਰਮਾਉਂਦਾ ਹੈ ‘ਉਹ ਜੀਵੇਗੀ”। ਅਤੇ ਉਹ ਹੀ ਰਾਤ ਸੀ, ਉਸਦੇ ਗਵਾਂਢੀਆਂ ਨੇ ਸੋਚਿਆ ਕਿ ਉਹਨਾਂ ਕੋਲ ਮੁਕਤੀ ਫੌਜ ਆਈ ਹੈ, ਜਦੋਂ ਭਾਈ ਬੇਨ ਉਥੇ ਗਿਆ ਅਤੇ ਫਿਰ ਉਸਨੇ ਰਖਿਆ...ਅਤੇ–ਅਤੇ ਫਿਰ ਉਹ ਔਰਤ ਇੰਨੀ ਚੰਗੀ ਹੋ ਗਈ ਕਿ ਉਹ ਆਪਣਾ ਕੰਮ ਵੀ ਕਰਦੀ ਹੈ ਅਤੇ ਗਵਾਂਢੀਆਂ ਦਾ ਕੰਮ ਵੀ।

13 ਇਸ ਲਈ ਜਦ ਇਸ ਜਵਾਨ ਨੂੰ ਪਤਾ ਲਗਾ ਤਾਂ ਉਸਨੇ ਕਿਹਾ, “ਇਹ ਮਾਮਲਾ ਮੈਨੂੰ ਸਮਝਾਓ! ਜਿਸ ਨੇ ਇਸ ਨੂੰ ਠੀਕ ਕਰ ਦਿੱਤਾ ਹੈ। ਮੈਨੂੰ ਸਮਝਾਓ; ਤੁਸੀਂ ਜਾਣਦੇ ਹੋ ਉਸਨੂੰ ਕੈਂਸਰ ਸੀ। ਉਹ ਇਥੇ ਲੁਇਸਵਿਲੇ ਵਿੱਚ ਸੀ ਅਤੇ ਡਾਕਟਰ ਓਪਰੇਸ਼ਨ ਕਰ ਰਿਹਾ ਸੀ ਅਤੇ ਉਹਨਾਂ ਨੇ ਓਪਰੇਸ਼ਨ ਬੰਦ ਕੀਤਾ ਅਤੇ ਕਿਹਾ ਕਿ ਹੁਣ ਕੁਝ ਨਹੀਂ ਕੀਤਾ ਜਾ ਸਕਦਾ। ਅਤੇ ਹੁਣ ਉਹ ਪੂਰੀ ਤਰ੍ਹਾਂ ਠੀਕ ਹੈ, ਖੈਰ”। ਉਸਨੇ ਕਿਹਾ, “ਇਹ ਸਮਝਾਓ”। ਜਿਸਨੇ ਇਹ ਠੀਕ ਕਰ ਦਿੱਤਾ। ਵੇਖਿਆ?

14 ਤੁਸੀਂ ਜਾਣਦੇ ਹੋ ਬਾਈਬਲ ਵਿੱਚ ਲਿਖਿਆ ਹੈ, “ਅਤੇ ਉਹ ਇਸਦੇ ਵਿਰੋਧ ਵਿੱਚ ਕੁਝ ਨਾ ਕਹਿ ਸਕੇ ਕਿਉਂਕਿ ਜਿਸ ਮਨੁੱਖ ਉੱਤੇ ਕਰਾਮਾਤ ਹੋਈ ਸੀ ਉਹ ਉਹਨਾਂ ਦੇ ਵਿੱਚਕਾਰ ਖੜ੍ਹਾ ਸੀ”। ਇਥੇ ਹੀ ਅਸੀਂ...ਇਹ ਸ਼ਤਾਨ ਨੂੰ ਸਰਮਿੰਦਾ ਕਰਦਾ ਹੈ, ਕੀ ਇਹ ਨਹੀਂ ਕਰਦਾ? ਜਿਸ ਮਨੁੱਖ ਉੱਤੇ ਕਰਾਮਾਤ ਹੋਈ ਸੀ ਉਹ ਉਥੇ ਹੀ ਖੜਾ ਸੀ।

15 ਕੀ ਪਰਮੇਸ਼ੁਰ ਨੇ ਮੁਰਦਿਆਂ ਨੂੰ ਜਿਵਾਲਿਆ? ਜਿਸ ਮਨੁੱਖ ਨੂੰ ਉਸਨੇ ਮੁਰਦਿਆਂ ਵਿਚੋਂ ਜਿਵਾਲਿਆ ਉਹ ਇਥੇ ਹੈ। ਪਰਮੇਸ਼ੁਰ ਬਿਮਾਰਾਂ ਨੂੰ ਚੰਗਾ ਕਰਦਾ ਹੈ? ਔਹ ਮੇਰੇ, ਉਸਦੇ ਹੱਥ ਹਰ ਜਗ੍ਹਾ ਜਾ ਸਕਦੇ ਹਨ। ਪਰਮੇਸ਼ੁਰ ਬਿਮਾਰਾਂ ਨੂੰ ਚੰਗਾ ਕਰਦਾ ਹੈ। ਅਤੇ ਅਸੀਂ ਜਾਣਦੇ ਹਾਂ ਕਿ ਉਹ ਮਹਾਨ ਹੈ—ਮਹਾਨ ਮੈਂ ਹਾਂ, ਮਹਾਨ “ਮੈਂ ਸੀ” ਨਹੀਂ ਜਾਂ “ਹੋਵਾਂਗਾ” ਨਹੀਂ; ਮੈਂ ਹਾਂ। ਇਹ ਠੀਕ ਹੈ। *ਮੈਂ ਹਾਂ*, ਇਹ ਉਹ ਹੈ ਜੋ “ਹਰ ਜਗ੍ਹਾ ਹਰ ਸਮੇਂ ਹਮੇਸ਼ਾ ਹਾਜਰ ਰਹਿੰਦਾ ਹੈ”; ਉਹ ਕਲ੍ਹ, ਅੱਜ ਅਤੇ ਹਮੇਸ਼ਾ ਇਕੋ ਜਿਹਾ ਹੈ।

16 ਹੁਣ ਜਲਦੀ ਕਰਾਂਗੇ, ਆਓ ਅਸੀਂ ਪਵਿੱਤਰ ਬਾਈਬਲ ਵਲ ਮੁੜੀਏ । ਮੈਂ ਇੱਕ—ਇੱਕ ਵਾਕ ਪੜ੍ਹਨ ਜਾ ਰਿਹਾ ਹਾਂ ਜਿਸਨੂੰ ਜਦ ਮੈਂ ਪੜ੍ਹਦਾ ਸੀ ਤਾਂ ਮੈਨੂੰ "ਉਤੇਜਿਤ" ਕਰ ਦਿੰਦਾ ਸੀ । ਅਤੇ ਮੈਂ ਅੱਜ ਇੱਕ ਪ੍ਰਾਰਥਨਾ ਦੀ ਕਤਾਰ ਚਾਹੁੰਦਾ ਹਾਂ ਅਤੇ ਹਰੇਕ ਲਈ ਪ੍ਰਾਰਥਨਾ ਕਰਨੀ ਚਾਹੁੰਦਾ ਹਾਂ ਜੋ ਪ੍ਰਾਰਥਨਾ ਕਰਵਾਉਣਾ ਚਾਹੁੰਦਾ ਹੈ ।

17 ਅਤੇ ਹੁਣ ਅਸੀਂ ਸੰਤ ਮਰਕੁਸ 11 ਅਧਿਆਏ ਵਿਚੋਂ ਪੜ੍ਹਨ ਜਾ ਰਹੇ ਹਾਂ । ਅਤੇ ਅਸੀਂ ਸੰਤ ਮਰਕੁਸ 11 ਅਧਿਆਏ ਦੀ 22 ਆਇਤ ਤੋਂ ਪੜ੍ਹਨ ਜਾ ਰਹੇ ਹਾਂ । ਅਤੇ ਤੁਹਾਡੇ ਵਿਚੋਂ ਬਹੁਤ ਸਾਰੇ ਇਸ ਲਿਖਤ ਨੂੰ ਜਾਣਦੇ ਹਨ, ਇਹ ਜਾਣੀ ਪਛਾਣੀ ਲਿਖਤ ਹੈ । ਭਾਈ ਰਸਲ, ਇਹ ਹੀ ਲਿਖਤ ਸੀ ਜਿਸ ਉੱਤੇ ਮੈਂ ਸੋਚ ਰਿਹਾ ਸੀ, ਜਦੋਂ ਉਹ…ਜਦ ਉਸਨੇ ਮੇਰੇ ਨਾਲ ਉਹਨਾਂ ਗਿਲਹਰੀਆਂ ਬਾਰੇ ਗੱਲ ਕੀਤੀ ।ਅਤੇ ਇਹ ਉਹ ਹੀ ਲਿਖਤ ਸੀ ਜਿਸ ਬਾਰੇ ਮੈਂ ਸੋਚ ਰਿਹਾ ਸੀ । ਇਹ ਹਮੇਸ਼ਾ ਇੱਕ ਉਲਝਣ ਰਹੀ ਹੈ । ਉਸਨੇ ਕਿਹਾ, "ਜੇਕਰ *ਤੁਸੀਂ* ਕਹਿੰਦੇ ਹੋ"; "ਜੇਰਕ *ਮੈਂ* ਕਹਾਂ" ਨਹੀਂ । ਪਰ "ਜੇਕਰ *ਤੁਸੀਂ* ਕਹਿੰਦੇ ਹੋ!"

18 ਹੁਣ ਆਓ ਅਸੀਂ ਪੜ੍ਹੀਏ ।

> *…ਯਿਸੂ ਨੇ ਉਨ੍ਹਾਂ ਨੂੰ ਉੱਤਰ ਦਿੱਤਾ, ਪਰਮੇਸ਼ੁਰ ਉੱਤੇ ਨਿਹਚਾ ਰਖੋ ।*
>
> *ਮੈਂ ਤੁਹਾਨੂੰ ਸਤ ਆਖਦਾ ਹਾਂ ਭਈ ਜੋ ਕੋਈ ਇਸ ਪਹਾੜ ਨੂੰ ਕਹੇ, ਉੱਠ ਅਰ ਸਮੁੰਦਰ ਵਿੱਚ ਜਾ ਪੈ ਅਤੇ ਆਪਣੇ ਮਨ ਵਿੱਚ ਭਰਮ ਨਾ ਕਰੇ ਪਰ ਪਰਤੀਤ ਕਰੇ ਕਿ ਜਿਹੜੀਆਂ ਗੱਲਾਂ ਮੈਂ ਆਖਦਾ ਹਾਂ ਉਹ ਹੁੰਦੀਆਂ ਹਨ ਤਾਂ ਜੋ ਵੀ ਉਹ ਕਹੇਗਾ ਉਹ ਉਸਦੇ ਦੇ ਲਈ ਹੋ ਜਾਵੇਗਾ ।*
>
> *ਇਸ ਲਈ ਮੈਂ ਤੁਹਾਨੂੰ ਆਖਦਾ ਹਾਂ ਕਿ ਜੋ ਕੁਝ ਵੀ ਤੁਸੀਂ ਚਾਹੋ, ਜੱਦ ਤੁਸੀਂ ਪ੍ਰਾਰਥਨਾ ਕਰ ਕੇ ਮੰਗੋ, ਪਰਤੀਤ ਕਰੋ ਜੋ ਸਾਨੂੰ ਮਿਲ ਗਿਆ ਤਾਂ ਤੁਹਾਨੂੰ ਮਿਲੇਗਾ ।*
>
> *ਅਤੇ ਜਦ ਕਦੇ ਤੁਸੀਂ ਖਲੋ ਕੇ ਪ੍ਰਾਰਥਨਾ ਕਰਦੇ ਹੋ, ਜੇ ਤੁਹਾਡਾ ਕਿਸੇ ਨਾਲ ਵੀਰੋਧ ਹੋਵੇ ਤਾਂ ਉਹ ਨੂੰ ਮਾਫ਼ ਕਰੋ ਤਾਂ ਜੋ ਤੁਹਾਡਾ ਪਿਤਾ ਵੀ ਜਿਹੜਾ ਸਵਰਗ ਵਿੱਚ ਹੈ ਤੁਹਾਡਿਆਂ ਅਪਰਾਧਾਂ ਨੂੰ ਮਾਫ਼ ਕਰੇ ।*
>
> *ਪਰ ਜੇਕਰ ਤੁਸੀਂ ਮਾਫ਼ ਨਹੀਂ ਕਰਦੇ ਤਾਂ ਤੁਹਾਡਾ ਪਿਤਾ ਵੀ ਜਿਹੜਾ ਸਵਰਗ ਵਿੱਚ ਹੈ ਤੁਹਾਡੇ ਅਪਰਾਧਾਂ ਨੂੰ ਮਾਫ਼ ਨਹੀਂ ਕਰੇਗਾ ।*

19 ਹੁਣ ਫਿਰ ਵਿਸ਼ਵਾਸ ਮਾਫ਼ੀ ਉੱਤੇ ਅਧਾਰਿਤ ਹੈ । ਅਤੇ ਫਿਰ ਜਿਵੇਂ ਅਸੀਂ ਅੱਜ ਸਵੇਰੇ ਕਿਹਾ ਕਿ ਅਸੀਂ ਕਲੀਸਿਯਾ ਨੂੰ ਉਸ ਜਗ੍ਹਾ ਤੇ ਲੈ ਕੇ ਆਉਣ ਦਾ ਯਤਨ ਕਰ ਰਹੇ ਹਾਂ ਜਿਥੇ ਅਸੀਂ ਅਸਲ ਵਿੱਚ ਰਸੂਲਾਂ ਦੇ ਸਮੇਂ ਦੇ ਵਿਸ਼ਵਾਸ ਨੂੰ ਆਪਣੇ ਵਿੱਚਕਾਰ ਮੰਡਰਾਉਂਦਾ ਹੋਇਆ ਵੇਖ ਸਕੀਏ, ਇਹ ਹੀ ਹੈ ਜਿਸ ਲਈ ਅਸੀਂ ਭੁਖੇ ਹਾਂ ਅਤੇ ਇਹ ਹੋਣ ਹੀ ਵਾਲਾ ਹੈ । ਅਸੀਂ ਇਸ ਨੂੰ ਵੇਖ ਰਹੇ ਹਾਂ ਪਰ ਅਸੀਂ ਇਸ ਨੂੰ ਹੋਰ ਜਿਆਦਾ ਵੇਖਣਾ ਚਾਹੁੰਦੇ ਹਾਂ । ਅਸੀਂ ਚਾਹੁੰਦੇ ਹਾਂ ਕਿ ਇਹ ਇਸ ਤਰ੍ਹਾਂ ਵਹੇ ਕਿ ਇਹ ਸਾਡੀ ਮਦਦ ਕਰੇ ਤਾਂ ਜੋ ਅਸੀਂ ਇਸਨੂੰ ਦੂਸਰਿਆਂ ਤੱਕ ਵਹਾਇਏ ।

20 ਯਾਦ ਕਰੋ, ਯਿਸੂ ਨੇ (ਜਿਵੇਂ ਅਸੀਂ ਇਸ ਸਵੇਰੇ ਆਪਣੇ ਸਬਕ ਵਿੱਚ ਲਿਆ) ਉਸਨੇ ਕਦੇ ਵੀ ਆਪਣੀ ਸਮਰਥ ਦੀ ਵਰਤੋਂ ਆਪਣੇ ਲਈ ਨਹੀਂ ਕੀਤੀ, ਉਸਨੇ ਇਸਦੀ ਵਰਤੋਂ ਹੋਰਨਾਂ ਲਈ ਕੀਤੀ । ਉਹ ਇਸੇ ਲਈ ਭੇਜਿਆ ਗਿਆ ਸੀ । ਅਤੇ ਤੁਸੀਂ ਕਈ ਵਾਰ ਸੋਚਦੇ

ਹੋ, "ਕਿਵੇਂ ਇੱਕ ਮਨੁੱਖ ਜੋ ਉਸ ਵਰਗੀ ਸਮਰਥ ਨਾਲ ਭਰਿਆ ਹੋਵੇ, ਬੀਮਾਰ ਹੋ ਸਕਦਾ ਹੈ?" ਹਾਂ, ਸ਼੍ਰੀਮਾਨ। ਮੈਂ ਕਿਸੇ ਕਿਤਾਬ ਵਿੱਚ ਇਹ ਪੜ੍ਹਿਆ ਸੀ (ਮੈਂ ਵਿਸ਼ਵਾਸ ਕਰਦਾ ਹਾਂ, *ਦਾਊਦ ਦੇ ਘਰ ਦਾ ਰਾਜਕੁਮਾਰ*) ਜਦੋਂ ਉਸਨੇ ਨਾਇਨ ਸ਼ਹਿਰ ਵਿੱਚ ਇਕ ਵਿਧਵਾ ਦੇ ਪੁੱਤ੍ਰ ਨੂੰ ਜਿਵਾਲਿਆ, ਤਦ ਉਹ ਇੱਕ ਪਥਰ ਉੱਤੇ ਬੈਠ ਗਿਆ ਅਤੇ ਸਿਰ ਪੀੜ ਨਾਲ ਹੁੰਗਣ ਲਗਾ। ਵੇਖਿਆ? ਉਸਨੇ ਸਾਡੀਆਂ ਨਿਰਬਲਤਾਈਆਂ ਨੂੰ ਸਹਿਣ ਕੀਤਾ। *ਸਹਿਣ ਕਰਣ* ਦਾ ਅਰਥ ਹੈ "ਉਹਨਾਂ ਨੂੰ ਸਮੇਟਨਾ"। ਵੇਖਿਆ, ਉਸਨੇ ਸਹਿਆ। ਅਤੇ ਉਸ ਵਿੱਚ ਸਭ ਚੀਜਾਂ ਸਨ...ਜਿਵੇਂ ਸਾਡੇ ਵਿੱਚ ਹਨ। ਉਸ ਵਿੱਚ ਵੀ ਸਾਡੇ ਵਾਂਗ ਬਿਮਾਰੀਆਂ ਸਨ, ਪਰਤਾਵੇ ਸਨ, ਮੁਸੀਬਤਾਂ ਸਨ, ਨਿਰਾਸ਼ਾ ਸੀ ਕਿਓਂਕਿ ਉਸਨੂੰ ਇੱਕ ਵਿਚੋਲੇ ਦੇ ਵਾਂਗ ਹੋਣਾ ਸੀ; ਇਸ ਲਈ ਉਸਨੂੰ ਸਾਂਝੀ ਹੋਣਾ ਸੀ, ਫਲ ਦਾ ਬਾਗਵਾਨ ਹੋਣਾ ਸੀ ਇਸ ਤੋਂ ਪਹਿਲਾਂ ਕਿ ਉਹ ਜਾਣੇ। ਜੇਕਰ ਅਸੀਂ ਲਿਖਤਾਂ ਵਿੱਚ ਵੇਖੀਏ ਤਾਂ ਖੂਹ ਉੱਤੇ ਉਹ ਔਰਤ ਅਤੇ ਹੋਰ ਬਹੁਤ ਸਾਰੀਆਂ ਗਲਾਂ ਹਨ।

21 ਮੈਂ ਕਹਿਣਾ ਚਾਹੁੰਦਾ ਹਾਂ ਕਿ ਮੈਂ ਹਰ ਇੱਕ ਲਿਖਤ ਤੇ ਵਿਸ਼ਵਾਸ਼ ਕਰਦਾ ਹਾਂ ਅਤੇ ਇਹ ਕਿ ਇਹ ਸਚ ਹੈ। ਅੱਜ ਆਲੋਚਕ ਵੀ ਹਨ ਜੋ ਇਸ ਤੇ ਵਿਸ਼ਵਾਸ ਨਹੀਂ ਕਰਨਾ ਚਾਹੁੰਦੇ। ਇੱਕ ਵਾਰੀ ਇੱਕ ਆਲੋਚਕ ਨੇ ਕਿਹਾ, "ਜਦੋਂ ਯਿਸੂ ਨੇ ਉਹਨਾਂ ਚੇਲਿਆਂ ਨੂੰ ਉਥੇ ਭੇਜਿਆ ਜਿਥੇ ਗਧੇ ਦਾ ਬਚਾ ਬਧਾ ਹੋਇਆ ਸੀ, ਜਿਥੇ ਦੋ ਰਸ਼ਤੇ ਮਿਲਦੇ ਸਨ, ਉਸਨੇ ਪਹਿਲਾਂ ਤੋਂ ਹੀ ਇੰਤਜਾਮ ਕੀਤਾ ਹੋਇਆ ਸੀ ਕਿ ਗਧੇ ਦਾ ਬਚਾ ਕਿਥੇ ਬਧਾ ਹੋਇਆ ਹੋਵੇਗਾ"। ਵੇਖਿਆ, ਉਹ ਨਹੀਂ ਸਮਝਦੇ ਕਿ *ਪਰਮੇਸ਼ੁਰ* ਨੇ ਹੀ ਉਸ ਦਾ ਪਹਿਲਾਂ ਤੋਂ ਇੰਤਜਾਮ ਕੀਤਾ ਸੀ।

22 ਹੋਰ ਕਿਸੇ ਦਿਨ ਪਰਮੇਸ਼ੁਰ ਨੇ ਮੈਨੂੰ ਭਾਈ ਡਾਉਚ ਬਾਰੇ ਦੱਸਿਆ ਕਿ ਮੈਂ "ਗਲੀ ਵਿੱਚ ਦੁਬਾਰਾ ਉਸ ਨਾਲ ਹੱਥ ਮਿਲਾਵਾਂਗਾ"। ਇਹ ਬਹੁਤ ਅਜੀਬ ਸੀ ਕਿਓਂਕਿ ਮੈਂ ਉਸ ਸਵੇਰ ਇਥੇ ਨਹੀਂ ਸੀ; ਪਰ ਜੇ ਇੱਕ ਜਾਂ ਦੋ ਮਿੰਟ ਦੀ ਹੋਰ ਦੇਰੀ ਹੁੰਦੀ ਤਾਂ ਮੈਂ ਉਸ ਨੂੰ ਗਲੀ ਵਿੱਚ ਨਾ ਮਿਲਿਆ ਹੁੰਦਾ। ਪਰ ਮੈਂ ਕਾਰ ਵਿਚੋਂ ਉਸ ਨਾਲ ਹੱਥ ਮਿਲਾਉਣ ਲਈ ਉਦੋਂ ਹੀ ਬਾਹਰ ਨਿਕਲਿਆ ਜੱਦ ਉਹ ਗਲੀ ਵਿਚੋਂ ਆ ਰਿਹਾ ਸੀ। ਉਹ ਮੈਨੂੰ ਨਹੀਂ ਜਾਣਦਾ ਸੀ; ਉਸ ਨੇ ਆਪਣੀ ਐਨਕ ਨਹੀਂ ਲਗਾਈ ਸੀ ਅਤੇ ਉਹ ਮੈਨੂੰ ਵੇਖ ਨਹੀਂ ਸਕਿਆ। ਜਦੋਂ ਉਸਨੇ ਮੇਰੀ ਅਵਾਜ਼ ਸੁਣੀ ਤਾਂ ਉਸ ਨੇ ਰੋਣਾ ਸ਼ੁਰੂ ਕਰ ਦਿੱਤਾ। ਇਹ ਕੀ ਸੀ? ਉਹ ਆਮ ਤੌਰ ਤੇ ਅਜਿਹਾ ਨਹੀਂ ਕਰਦਾ ਪਰ ਇਹ ਉਸਦਾ ਜਵਾਬ ਸੀ ਜੋ ਉਸਨੂੰ ਆਕਸੀਜਨ ਦੇ ਤੰਬੂ ਹੇਠ ਦੱਸਿਆ ਗਿਆ ਸੀ; ਕੀ ਉਹ ਅਜਿਹਾ ਕਰੇਗਾ।

23 ਮੈਂ ਕਿਹਾ, "ਤੁਸੀਂ ਚਰਚ ਵਿੱਚ ਦੁਬਾਰਾ ਆਓਗੇ"; ਇਹ ਉਸਦੇ ਦਿਲ ਦੀ ਇਛਾ ਸੀ। ਜਦੋਂ ਅਸੀਂ ਸ਼ਿਕਾਗੋ ਵਿੱਚ ਸਭਾਵਾਂ ਕਰ ਰਹੇ ਸੀ ਤਾਂ ਉਹ ਉਹਨਾਂ ਸਭਾਵਾਂ ਵਿੱਚ ਆਉਣਾ ਚਾਹੁੰਦਾ ਸੀ, ਉਸਦਾ ਦਿਲ ਇਹ ਚਾਹੁੰਦਾ ਸੀ। ਮੈਂ ਉਸ ਨੂੰ ਸਾਡੀ ਵਲੋਂ ਅਤੇ ਬਚਿਆਂ ਵਲੋਂ ਸ਼ੁਭਕਾਮਨਾਵਾਂ ਦੇਣ ਲਈ ਟੈਲੀਗ੍ਰਾਮ ਭੇਜਿਆ ਅਤੇ ਉਸਨੂੰ ਦੱਸਿਆ ਕਿ ਅਸੀਂ ਉਸ ਲਈ ਪ੍ਰਾਰਥਨਾ ਕਰ ਰਹੇ ਹਾਂ ਕਿ ਉਹ ਜਲਦੀ ਠੀਕ ਹੋ ਜਾਵੇ। ਅਤੇ ਇੱਕ ਪਿਆਰਾ ਭਾਈ ਜੋ ਉਸ ਨੂੰ ਮਿਲਿਆ ਉਸਨੇ ਕਿਹਾ ਕਿ ਉਹ ਆਉਣ ਲਈ ਬਹੁਤ ਜਿਆਦਾ ਉਤਾਵਲਾ ਹੈ। ਅਤੇ ਉਹ ਅੱਜ ਰਾਤ ਇਥੇ ਸਾਡੇ ਨਾਲ ਬੈਠਾ ਹੈ। ਵੇਖਿਆ? ਇਹ ਪਹਿਲਾਂ ਤੋਂ ਇੰਤਜਾਮ ਨਹੀਂ ਸੀ ਕੀਤਾ ਗਿਆ। ਉਸੇ ਪਰਮੇਸ਼ੁਰ ਨੇ ਇਸਦਾ ਇੰਤਜਾਮ ਕੀਤਾ ਹੈ, ਉਹ ਸਭ ਕੁਝ ਬਿਲਕੁਲ ਸਹੀ ਸਮੇਂ ਤੇ ਹੋਣ ਦਿੰਦਾ ਹੈ।

24 ਇੱਕ ਆਲੋਚਕ ਨੇ ਇੱਕ ਵਾਰ ਕਿਹਾ "ਕੋਈ ਅਚਰਜ ਨਹੀਂ ਕੀ ਯਿਸੂ ਨੇ ਰੋਟੀ ਦੇ ਪੰਜ ਟੁਕੜਿਆਂ ਨਾਲ ਪੰਜ ਹਜਾਰ ਨੂੰ ਰਜਾਇਆ, "ਉਸਨੇ ਕਿਹਾ, "ਉਹਨਾਂ ਦਿਨਾਂ ਵਿੱਚ ਰੋਟੀ ਦੇ ਟੁਕੜੇ ਬਹੁਤ ਵੱਡੇ ਹੁੰਦੇ ਸਨ ਅਤੇ ਉਸਨੇ ਹਰਕੇ ਰੋਟੀ ਨੂੰ ਤੋੜਿਆ ਅਤੇ ਪੰਜ ਹਜਾਰ ਨੂੰ ਖਵਾਇਆ" ।

25 "ਮੈਂ ਤੁਹਾਨੂੰ ਸਮਝਾਉਂਦਾ ਹਾਂ, ਇੱਕ ਛੋਟੇ ਬਚੇ ਕੋਲ ਇਹ ਦੁਪਹਿਰ ਦੇ ਭੋਜਨ ਵਿੱਚ ਸਨ!" ਇੱਕ ਛੋਟੇ ਬਚੇ ਕੋਲ ਪੰਜ ਰੋਟੀ ਦੇ ਟੁਕੜੇ ਸਨ ਜਿਸ ਨੂੰ ਪੰਜ ਹਜਾਰ ਲੋਕ ਖਾ ਕੇ ਰੱਜ ਸਕਦੇ ਸਨ । ਤਾਂ ਫਿਰ ਜੋ ਬਾਅਦ ਵਿੱਚ ਬਾਰ੍ਹਾਂ ਟੋਕਰੀਆਂ ਭਰੀਆਂ ਹੋਈਆਂ ਬਚੀਆਂ ਉਹਨਾਂ ਬਾਰੇ ਕੀ ਹੈ? ਵੇਖਿਆ? ਔਹ, ਉਹ ਬੱਸ...ਉਹ ਬੱਸ ਆਲੋਚਕ ਹਨ, ਇਹ ਹੀ ਸਭ ਕੁਝ ਹੈ । ਇਸ ਨਾਲ ਪਰਮੇਸ਼ੁਰ ਦਾ ਵਚਨ ਨਹੀਂ ਬਦਲ ਸਕਦਾ । ਇਹ ਬੱਸ ਉਸੇ ਤਰ੍ਹਾਂ ਹੈ, ਵੇਖਿਆ, ਇਹ ਅੱਗੇ ਵਧਦਾ ਰਹਿੰਦਾ ਹੈ ।

26 ਹੁਣ ਅਸੀਂ ਵਿਸ਼ਵਾਸ ਉੱਤੇ ਬੋਲਣ ਜਾ ਰਹੇ ਹਾਂ: ਸਿੱਧ ਵਿਸ਼ਵਾਸ ਅਤੇ ਇਹ ਇੱਕ ਵਖਰੀ ਕਿਸਮ ਦਾ ਵਿਸ਼ਵਾਸ ਹੈ । ਇਹ ਇੱਕ ਮਹਾਨ ਚੀਜ ਹੈ । ਹੁਣ ਵਿਸ਼ਵਾਸ ਬਾਰੇ ਸਾਨੂੰ ਬਾਈਬਲ ਵਿੱਚ ਦੱਸਿਆ ਗਿਆ ਹੈ ਕਿ, "ਵਿਸ਼ਵਾਸ ਸੁਣਨ ਨਾਲ ਆਉਂਦਾ ਹੈ" । ਹੁਣ ਤੁਸੀਂ ਵਿਸ਼ਵਾਸ ਤੋਂ ਬਗੈਰ ਬਚਾਏ ਨਹੀਂ ਜਾ ਸਕਦੇ । ਅਤੇ ਵਿਸ਼ਵਾਸ ਇਹ ਹੈ ਕਿ ਕਿਸੇ ਚੀਜ ਬਾਰੇ ਤੁਹਾਨੂੰ ਵਿਸ਼ਵਾਸ ਕਰਨਾ ਪੈਣਾ ਹੈ ਕਿ ਇਹ ਇਥੇ ਹੈ ਅਤੇ ਹੋਰ ਕੋਈ ਵੀ ਚੀਜ ਇਸਦਾ ਐਲਾਨ ਨਹੀਂ ਕਰ ਸਕਦੀ ਪਰ ਸਿਰਫ ਵਿਸ਼ਵਾਸ ਹੀ ਇਹ ਕਰ ਸਕਦਾ ਹੈ । ਹੁਣ ਮੈਂ ਤੁਹਾਡੇ ਅੰਦਰ ਵਿਸ਼ਵਾਸ ਨੂੰ ਲੈ ਕੇ ਆਉਣ ਦੀ ਕੋਸ਼ਿਸ ਕਰ ਰਿਹਾ ਹਾਂ ਤਾਂਕਿ ਤੁਸੀਂ ਅਗਲੇ ਕੁਝ ਮਿੰਟਾ ਵਿੱਚ ਪ੍ਰਾਰਥਨਾ ਦੀ ਕਤਾਰ ਲਈ ਤਿਆਰ ਹੋ ਸਕੋ ।

27 ਹੁਣ, ਵਿਸ਼ਵਾਸ: "ਜੋ ਪਰਮੇਸ਼ੁਰ ਕੋਲ ਆਉਂਦਾ ਹੈ ਉਸਨੂੰ ਇਹ ਵਿਸ਼ਵਾਸ ਕਰਨਾ ਹੀ ਪੈਣਾ ਹੈ ਕਿ ਉਹ ਹੈ" । ਅਤੇ ਵਿਸ਼ਵਾਸ ਤੋਂ ਬਗੈਰ ਪਰਮੇਸ਼ੁਰ ਨੂੰ ਖੁਸ਼ ਕਰਨਾ ਅਸੰਭਵ ਹੈ ਅਤੇ ਵਿਸ਼ਵਾਸ ਤੋਂ ਬਿਨਾਂ ਤੁਸੀਂ ਉਸਨੂੰ ਖੁਸ਼ ਨਹੀਂ ਕਰ ਸਕਦੇ । ਅਤੇ ਜੇਕਰ ਤੁਸੀਂ ਕਹਿੰਦੇ ਹੋ ਕਿ ਤੁਸੀਂ ਪਰਮੇਸ਼ੁਰ ਤੇ ਵਿਸ਼ਵਾਸ ਕਰਦੇ ਹੋ...ਤੁਸੀਂ ਉਸਨੂੰ ਕਦੇ ਨਹੀਂ ਵੇਖਿਆ, ਇਸ ਲਈ ਤੁਹਾਨੂੰ ਇਹ ਵਿਸ਼ਵਾਸ ਨਾਲ ਹੀ ਸਵੀਕਾਰ ਕਰਨਾ ਪੈਣਾ ਹੈ । ਅਤੇ ਜੇਕਰ ਤੁਸੀਂ ਉਸ ਨੂੰ ਵੇਖ ਸਕਦੇ ਹੁੰਦੇ ਤਾਂ ਇਹ ਫਿਰ ਵਿਸ਼ਵਾਸ ਨਾ ਰਹਿੰਦਾ । ਸਮਝੇ? ਕੋਈ ਵੀ ਚੀਜ ਜਿਸ ਨੂੰ ਅਸੀਂ ਆਪਣੀਆਂ ਇੰਦਰੀਆਂ ਨਾਲ ਪਛਾਣ ਸਕਦੇ ਹਾਂ ਉਹ ਵਿਸ਼ਵਾਸ ਨਹੀਂ ਪਰ ਇੱਕ ਵਿਗਿਆਨਕ ਤੱਥ ਹੈ; ਵੇਖਿਆ, ਇਹ ਫਿਰ ਵਿਸ਼ਵਾਸ ਨਹੀਂ ਰਹਿੰਦਾ । ਪਰ ਤੁਹਾਨੂੰ ਉਸ ਨੂੰ ਵਿਸ਼ਵਾਸ ਨਾਲ ਹੀ ਸਵੀਕਾਰ ਕਰਨਾ ਪੈਣਾ ਹੈ । "ਅਤੇ ਉਹ ਜੋ ਪਰਮੇਸ਼ੁਰ ਕੋਲ ਆਉਂਦਾ ਹੈ ਉਸ ਨੂੰ ਉਸਤੇ ਵਿਸ਼ਵਾਸ ਕਰਨਾ ਹੀ ਪੈਣਾ ਹੈ; ਅਤੇ ਵਿਸ਼ਵਾਸ ਪਰਮੇਸ਼ੁਰ ਦਾ ਵਚਨ ਸੁਣਨ ਨਾਲ ਹੀ ਆਉਂਦਾ ਹੈ" । ਵੇਖਿਆ? ਤੁਹਾਨੂੰ ਪਹਿਲਾਂ ਵਿਸ਼ਵਾਸ ਕਰਨਾ ਹੈ ਕਿ *ਇਹ* ਪਰਮੇਸ਼ੁਰ ਦਾ ਵਚਨ ਹੈ ਅਤੇ ਤੁਹਾਨੂੰ ਵਚਨ ਦੁਆਰਾ ਹੀ ਪਰਮੇਸ਼ੁਰ ਦੇ ਕੋਲ ਆਉਣਾ ਹੈ । ਵੇਖਿਆ? ਬੱਸ ਜੋ ਵਚਨ ਕਹਿੰਦਾ ਹੈ ਉਸ ਨੂੰ ਲੈ ਲਵੋ ਅਤੇ "ਇਹ ਸਹੀ ਹੈ!" ਜੋ ਵੀ ਕੁਝ ਇਸਦੇ ਉਲਟ ਹੈ ਉਹ ਸਹੀ ਨਹੀਂ ਹੈ ।

28 ਅਬਰਾਹਾਮ ਨੂੰ ਬੱਸ ਉਸੇ ਤੇ ਹੀ ਵਿਸ਼ਵਾਸ ਕਰਨਾ ਸੀ ਜੋ ਉਸ ਅਵਾਜ਼ ਨੇ ਉਸ ਨੂੰ ਦੱਸਿਆ ਸੀ । ਅਤੇ ਪੰਝੀ ਸਾਲ ਬਾਅਦ ਜੱਦ ਉਹ ਸੌ ਸਾਲਾਂ ਦਾ ਹੋ ਗਿਆ ਤਾਂ ਉਹ ਇਸ ਤੇ ਵਿਸ਼ਵਾਸ ਕਰਨ ਨਾਲ ਪੰਝੀ ਸਾਲ ਪਹਿਲਾਂ ਨਾਲੋਂ ਵੀ ਮਜਬੂਤ ਸੀ ਜਦੋਂ ਉਸਨੂੰ ਇਹ ਦੱਸਿਆ ਗਿਆ ਸੀ । ਵੇਖਿਆ? ਉਸਨੇ ਇਸਦਾ ਵਿਸ਼ਵਾਸ ਕੀਤਾ । ਅਤੇ "ਉਹ ਪਰਮੇਸ਼ੁਰ ਦੇ ਵਾਅਦੇ

ਤੋਂ ਅਵਿਸ਼ਵਾਸ ਕਰਕੇ ਲੜ੍ਹਖੜ੍ਹਾਇਆ ਨਹੀਂ ਪਰ ਉਹ ਮਜਬੂਤ ਸੀ, ਪਰਮੇਸ਼ੁਰ ਦੀ ਵਡਿਆਈ ਕਰ ਰਿਹਾ ਸੀ, ਉਹ ਇਹ ਜਾਣਦਾ ਸੀ ਕਿ ਪਰਮੇਸ਼ੁਰ ਨੇ ਜੋ ਵਾਅਦਾ ਕੀਤਾ ਹੈ ਉਹ ਉਸਨੂੰ ਪੂਰਾ ਕਰਨ ਦੇ ਯੋਗ ਹੈ । ਅਤੇ ਇਹੀ ਤਰੀਕਾ ਹੈ, ਹਰ ਇੱਕ ਨੂੰ ਉਸੇ ਤਰ੍ਹਾਂ ਦਾ ਹੋਣਾ ਚਾਹੀਦਾ ਹੈ । ਇਹ ਵਿਸ਼ਵਾਸ ਕਰਦੇ ਹੋਏ ਕਿ ਪਰਮੇਸ਼ੁਰ ਨੇ ਵਾਅਦਾ ਕੀਤਾ ਹੈ ਤੁਹਾਨੂੰ ਅਟੁੱਟ ਵਿਸ਼ਵਾਸ ਨਾਲ ਆਉਣਾ ਚਾਹੀਦਾ ਹੈ । ਪਰ ਹੁਣ ਉਹ ਵਿਸ਼ਵਾਸ ਕਰਨ ਲਈ ਤੁਹਾਨੂੰ ਇੱਕ ਸਥਾਨ ਵਿੱਚ ਆਉਣਾ ਪੈਣਾ ਹੈ ਅਤੇ ਅਸੀਂ ਇਸ ਬਾਰੇ ਹੀ ਗਲ ਕਰਨ ਜਾ ਰਹੇ ਹਾਂ; ਵੇਖਿਆ, ਉਸ ਵਿਸ਼ਵਾਸ ਨੂੰ ਲੈਣ ਲਈ ।

29 ਇਬਰਾਨੀਆਂ ਵਿੱਚ, ਇਬਰਾਨੀਆਂ ਦੀ ਕਿਤਾਬ, 11 ਅਧਿਆਏ ਵਿੱਚ ਸਾਨੂੰ ਦੱਸਿਆ ਗਿਆ ਹੈ ਕਿ

> *...ਵਿਸ਼ਵਾਸ ਆਸ ਕੀਤੀਆਂ ਹੋਈਆਂ ਗੱਲਾਂ ਦਾ ਪੱਕਾ ਭਰੋਸਾ ਹੈ,...*

30 ਹੁਣ ਇਥੇ ਹੀ ਬਹੁਤ ਸਾਰੇ ਲੋਕ ਆਪਣੀ ਚੰਗਾਈ ਜਾਂ ਜੋ ਚੀਜ ਉਹ ਮੰਗ ਰਹੇ ਹੁੰਦੇ ਹਨ ਉਸ ਨੂੰ ਲੈਣ ਵਿੱਚ ਅਸਫਲ ਹੋ ਜਾਂਦੇ ਹਨ ਕਿਓਂਕਿ ਉਹ ਵਿਸ਼ਵਾਸ ਨੂੰ ਕਿਸੇ ਚੀਜ ਵਾਂਗ ਲੈਂਦੇ ਹਨ ਜਿਵੇਂ ਉਹ ਹੈ ਹੀ ਨਹੀਂ । ਵੇਖਿਆ? ਉਹ ਇਸ ਦਾ ਵਿਸ਼ਵਾਸ ਨਹੀਂ ਕਰਦੇ । ਇਹ–ਇਹ ਹੈ...ਇਹ–ਇਹ ਇੱਕ ਕਲਪਨਾ ਨਹੀਂ ਹੈ । ਇਹ ਇੱਕ ਅਸਲ ਚੀਜ ਹੈ ।

31 ਹੁਣ ਧਿਆਨ ਨਾਲ ਸੁਣੋ! ਵੇਖੋ, ਇਹ ਉਹ ਨਹੀਂ ਹੈ ਜੋ ਤੁਸੀਂ ਕਲਪਨਾ ਕਰਦੇ ਹੋ । ਇਹ ਉਸ ਤਰ੍ਹਾਂ ਨਾਲ ਹੀ ਅਸਲ ਹੈ ਜਿਵੇਂ ਤੁਹਾਡੀ ਸਮਝ ਤੁਹਾਨੂੰ ਹੋਰ ਚੀਜਾਂ ਬਾਰੇ ਦਸਦੀ ਹੈ । ਇਹ ਉਂਝ ਹੀ ਅਸਲ ਹੈ ਜਿਵੇਂ ਮੇਰੀਆਂ ਅੱਖਾਂ ਵੇਖ ਸਕਦੀਆਂ ਹਨ ਕਿ “ਇਹ ਇੱਕ ਕਾਗਜ ਦਾ ਟੁਕੜਾ ਹੈ” । ਇਹ ਉਂਝ ਹੀ ਅਸਲ ਹੈ ਜਿਵੇਂ ਇਹ ਕਹਿਣਾ “ਉਹ ਇੱਕ ਰੌਸਨੀ ਹੈ” । ਇਹ ਉਸੇ ਤਰ੍ਹਾਂ ਅਸਲ ਹੈ ਜਿਵੇਂ ਇਹ ਕਹਿਣਾ, “ਮੈਂ ਆਪਣੇ ਕੋਟ ਨੂੰ ਮਹਿਸੂਸ ਕਰ ਸਕਦਾ ਹਾਂ” । ਇਹ ਉਸੇ ਤਰ੍ਹਾਂ ਅਸਲ ਹੈ ਜਿਵੇਂ–ਜਿਵੇਂ ਮੈਂ ਉਸ ਛੋਟੇ ਬੱਚੇ ਨੂੰ ਉਥੇ ਰੌਲਾ ਪਾਉਂਦੇ ਹੋਏ ਸੁਣ ਸਕਦਾ ਹਾਂ । ਸਮਝੇ, ਉਨਾਂ ਹੀ ਅਸਲ ਜਿਵੇਂ ਇਹ ਸੰਗੀਤ ਵੱਜ ਰਿਹਾ ਹੈ । ਇਹ ਉਸੇ ਤਰ੍ਹਾਂ ਹੀ ਅਸਲ ਹੈ ਜਿਵੇਂ ਮੈਂ ਆਪਣੇ ਮੂੰਹ ਵਿੱਚ ਕਿਸੇ ਚੀਜ ਦਾ ਸਵਾਦ ਮਹਿਸੂਸ ਕਰ ਸਕਦਾ ਹਾਂ । ਇਹ ਇੰਨਾ ਅਸਲ ਹੈ, ਬੱਸ ਤੁਸੀਂ ਇਸ ਨੂੰ ਕਿਸੇ ਨੂੰ ਵਿਖਾ ਨਹੀਂ ਸਕਦੇ । ਇਹ ਬੱਸ ਤੁਹਾਡੇ ਕੋਲ ਹੈ । ਆਮੀਨ! ਇਹ ਤੁਹਾਡਾ ਹੈ । ਵਿਸ਼ਵਾਸ ਪੱਕਾ ਭਰੋਸਾ ਹੈ; ਸਮਝੇ, ਇਹ ਕੋਈ ਭਰਮ ਨਹੀਂ ਹੈ । ਇਸ ਲਈ, ਬਹੁਤ ਸਾਰੇ ਲੋਕ ਆਉਂਦੇ ਹਨ...

32 ਹੁਣ, ਇਹ ਅਸਲ ਵਿੱਚ ਡੂੰਘੇ ਸਬਕ ਹਨ ਅਤੇ ਮੈਂ ਇਹਨਾਂ ਦੇ ਸਿਰ ਤੋਂ ਫੜਾਂਗਾ ਅਤੇ ਫਿਰ ਤੁਸੀਂ ਇਸਦੇ ਅੰਦਰ ਹੇਠਾਂ ਖੋਦਣਾ । ਸਮਝੇ?

33 ਧਿਆਨ ਦਿਓ, ਇਹ ਕੋਈ ਚੀਜ ਹੈ ਜੋ ਤੁਹਾਡੇ ਕੋਲ ਹੈ; ਕਲਪਨਾ ਨਾਲ ਨਹੀਂ ਪਰ ਜੇਕਰ ਅਸਲ ਵਿੱਚ ਇਹ ਤੁਹਾਡੇ ਕੋਲ ਹੈ । ਇਹ ਤੁਹਾਡੇ ਲਈ ਉਸੇ ਤਰ੍ਹਾਂ ਅਸਲ ਹੈ ਜਿਵੇਂ ਕੋਈ ਹੋਰ ਚੀਜ ਹੋ ਸਕਦੀ ਹੈ । ਇਹ ਬੱਸ ਉਸੇ ਤਰ੍ਹਾਂ ਅਸਲ ਹੈ ਜਿਵੇਂ–ਜਿਵੇਂ ਤੁਸੀਂ ਜਾਣਦੇ ਹੋ ਕਿ–ਕਿ ਤੁਸੀਂ ਮੋਟਰਗੱਡੀ ਦੀ ਸਵਾਰੀ ਕਰ ਰਹੇ ਹੋ । ਇਹ ਉਸੇ ਤਰ੍ਹਾਂ ਅਸਲ ਹੈ ਜਿਵੇਂ ਤੁਸੀਂ ਜਾਣਦੇ ਹੋ ਕਿ ਤੁਸੀਂ ਗਿਰਜੇ ਵਿੱਚ ਬੈਠੇ ਹੋਏ ਹੋ । ਇਹ ਉਸੇ ਤਰ੍ਹਾਂ ਅਸਲ ਹੈ ਜਿਵੇਂ ਤੁਸੀਂ ਮੇਰੀ ਅਵਾਜ਼ ਸੁਣ ਰਹੇ ਹੋ । ਇਹ ਇੱਕ ਪੱਕਾ ਭਰੋਸਾ ਹੈ, ਕੋਈ ਕਲਪਨਾ ਜਾਂ ਕੋਈ ਜਜ਼ਬਾਤ ਨਹੀਂ; ਪਰ ਕੋਈ ਚੀਜ ਜੋ ਤੁਹਾਡੇ ਕੋਲ ਹੈ ਅਤੇ ਇਹ ਸਿਰਫ ਪਰਮੇਸ਼ੁਰ ਦੇ ਵਚਨ ਸੁਣਨ ਨਾਲ ਹੀ ਆਉਂਦਾ ਹੈ । “ਵਿਸ਼ਵਾਸ ਪਰਮੇਸ਼ੁਰ ਦੇ ਵਚਨ ਸੁਣਨ ਨਾਲ ਹੀ ਆਉਂਦਾ ਹੈ” । ਫਿਰ ਇਹ

ਤੁਹਾਡੇ ਵਿਸ਼ਵਾਸ ਨੂੰ ਕਿਸੇ ਵਿਅਕਤੀ ਉੱਤੇ ਨਹੀਂ ਰਖਦਾ। ਤੁਹਾਡਾ ਵਿਸ਼ਵਾਸ ਕਿਸੇ ਮਨੁੱਖ ਉੱਤੇ ਨਹੀਂ। ਇਹ ਕਿਸੇ ਸੰਸਥਾ ਵਿੱਚ ਨਹੀਂ ਹੈ। ਇਹ ਇੱਕ ਲੋਕਾਂ ਦੇ ਸਮੂਹ ਵਿੱਚ ਨਹੀਂ ਹੈ। ਇਹ ਪਰਮੇਸ਼ੁਰ ਵਿੱਚ ਹੈ ਕਿਉਂਕਿ ਪਰਮੇਸ਼ੁਰ ਵਚਨ ਹੈ। ਸਮਝੇ? ਤੁਹਾਡਾ ਵਿਸ਼ਵਾਸ ਪਰਮੇਸ਼ੁਰ ਵਿੱਚ ਹੈ।

ਵਿਸ਼ਵਾਸ ਪਰਮੇਸ਼ੁਰ ਦਾ ਵਚਨ ਸੁਣਨ ਨਾਲ ਆਉਂਦਾ ਹੈ।

34 ਫਿਰ ਜਦੋਂ ਪਰਮੇਸ਼ੁਰ ਨੇ ਆਪਣੇ ਵਚਨ ਨਾਲ,...ਕਿਸੇ ਹੋਰ ਨੇ ਜੋ ਕੀਤਾ ਜਾਂ ਕਿਹਾ ਉਸ ਨਾਲ ਨਹੀਂ ਪਰ ਉਸ ਨਾਲ ਜੋ ਪਰਮੇਸ਼ੁਰ ਦੇ ਵਚਨ ਨੇ ਕਿਹਾ ਸੀ। ਉਸਨੇ ਕਿਹਾ, "ਹਰੇਕ ਮਨੁੱਖ ਦਾ ਵਚਨ ਝੂਠਾ ਠਹਿਰੇ ਅਤੇ ਮੇਰਾ ਸੱਚਾ ਠਹਿਰੇ।

35 ਹੁਣ ਤੁਸੀਂ ਕਿਸੇ ਨੂੰ ਪਰਮੇਸ਼ੁਰ ਦੇ ਵਾਅਦੇ ਦੁਆਰਾ ਜਾਂ ਉਸਦੇ ਵਚਨ ਅਨੁਸਾਰ ਕੁਝ ਕਰਦੇ ਹੋਇਆਂ ਵੇਖਦੇ ਹੋ ਅਤੇ ਉਹਨਾਂ ਵਿਚੋਂ ਬਹੁਤ ਸਾਰੇ ਆਖਦੇ ਹਨ, "ਮੈਂ ਵੀ ਇਹ ਕਰ ਸਕਦਾ ਹਾਂ"। ਇਹ ਇੱਕ ਕਲਪਨਾ ਹੈ। ਅਤੇ ਜਦੋਂ ਉਹ ਕਰਦੇ ਹਨ ਤਾਂ ਤੁਸੀਂ ਉਹਨਾਂ ਨੂੰ ਕਿਸੇ ਜਗ੍ਹਾ ਤੇ ਟੁੱਟਿਆ ਹੋਇਆ ਵੇਖਦੇ ਹੋ। ਇਹ ਇੱਕ ਭਰੋਸ਼ਾ ਹੋਣਾ ਚਾਹੀਦਾ ਹੈ। ਹੁਣ, ਇਹ ਸੰਭਾਵਿਤ ਤੌਰ ਤੇ ਵਿਸ਼ਵਾਸ ਹੈ। ਇਹ ਕੋਈ ਚੀਜ ਹੈ ਜੋ ਤੁਹਾਨੂੰ ਵਿਸ਼ਵਾਸ ਤੱਕ ਲੈ ਕੇ ਆਵੇਗੀ। ਇਸ ਵਿੱਚ ਸੰਭਾਵਨਾ ਹੈ, ਜਿਵੇਂ, ਤੁਸੀਂ ਮੇਰੇ ਕੋਲੋਂ ਬਲੂਤ ਦਾ ਰੁਖ ਮੰਗੋ ਅਤੇ ਮੈਂ ਤੁਹਾਨੂੰ ਉਸਦਾ ਬੀਜ ਦੇਵਾਂ। ਸੰਭਾਵਿਤ ਤੌਰ ਤੇ ਤੁਹਾਡੇ ਕੋਲ ਇੱਕ ਬਲੂਤ ਦਾ ਰੁਖ ਹੈ ਪਰ ਇਸਨੇ ਅਜੇ ਆਪਣੇ ਆਪ ਨੂੰ ਪੈਦਾ ਨਹੀਂ ਕੀਤਾ ਹੈ ਪਰ ਜਦੋਂ ਇਹ ਅਸਲ ਵਿੱਚ ਆਪਣੇ ਆਪ ਨੂੰ ਬਾਹਰ ਲੈ ਕੇ ਆਉਂਦਾ ਹੈ ਤਾਂ ਇਹ ਇੱਕ ਬਲੂਤ ਦਾ ਰੁਖ ਹੈ। ਅਤੇ ਜਦੋਂ ਤੁਸੀਂ ਕਲਪਨਾ ਕਰਦੇ ਹੋ ਕਿ ਪਰਮੇਸ਼ੁਰ ਇਹ ਕਰਦਾ ਹੈ,...ਪਰ ਜਦੋਂ ਇਹ ਤੁਹਾਡੇ ਉੱਤੇ ਪ੍ਰਗਟ ਕੀਤਾ ਜਾਂਦਾ ਹੈ ਫਿਰ ਇਹ ਇੱਕ ਵਿਸ਼ਵਾਸ ਹੈ, ਇੱਕ ਸਿੱਧ ਵਿਸ਼ਵਾਸ ਜੋ ਕਦੇ ਟਲ ਨਹੀਂ ਸਕਦਾ।

36 ਇਹੀ ਕਾਰਨ ਹੈ ਕਿ ਉਹ ਦਰਸ਼ਨ ਮੇਰੇ ਲਈ ਬਹੁਤ–ਬਹੁਤ ਅਦਭੁਤ ਹਨ ਕਿਉਂਕਿ ਇਹ ਹਰ ਵਾਰ "ਸਹੀ" ਸਾਬਤ ਹੋਏ ਹਨ। ਵੇਖਿਆ? ਅਤੇ ਮੈਂ ਜਾਣਦਾ ਹਾਂ ਕਿ ਉਸਨੇ ਇਹ ਵਾਅਦਾ ਕੀਤਾ ਹੈ। ਉਸਨੇ ਇਹ ਵਾਅਦਾ ਆਪਣੇ ਵਚਨ ਵਿੱਚ ਕੀਤਾ ਹੈ ਅਤੇ ਇਥੇ ਉਹ ਆਉਂਦਾ ਹੈ ਅਤੇ ਇਸ ਦਿਨ ਲਈ ਵੀ ਵਾਅਦਾ ਕੀਤਾ ਹੈ। ਇਸ ਲਈ ਜਦੋਂ ਉਸਨੇ ਇਹ ਕਿਹਾ ਹੁੰਦਾ ਹੈ ਤਦ ਤੁਸੀਂ ਜਾਣਦੇ ਹੋ ਕਿ ਤੁਸੀਂ ਕਿਥੇ ਖੜੇ ਹੋ। ਵੇਖਿਆ, ਇਹ ਮੈਨੂੰ ਵਿਸ਼ਵਾਸ ਦਿੰਦਾ ਹੈ ਕਿਉਂਕਿ ਜੋ ਉਸਦੇ ਵਚਨ ਵਿੱਚ ਲਿਖਿਆ ਹੈ ਉਹ ਉਸਦੇ ਉਲਟ ਕੁਝ ਵੀ ਨਹੀਂ ਕਰਦਾ। ਸਮਝੇ? ਅਤੇ ਜੇਕਰ ਇਹ ਵਚਨ ਦੇ ਉਲਟ ਹੁੰਦਾ ਹੈ ਤਾਂ ਮੈਂ ਇਸ ਉੱਤੇ ਵਿਸ਼ਵਾਸ ਨਹੀਂ ਕਰ ਸਕਦਾ। ਇਸਨੂੰ ਫਿਰ ਵਚਨ ਕੋਲ ਲੈ ਕੇ ਆਉਂਦਾ ਹੈ, ਵੇਖਿਆ, ਪਰਮੇਸ਼ੁਰ ਦੇ ਵਚਨ ਸੁਣਨ ਵਿੱਚ ਵਿਸ਼ਵਾਸ। ਤੁਹਾਨੂੰ ਵਚਨ ਸੁਣਨਾ ਚਾਹੀਦਾ ਹੈ! ਪਰਮੇਸ਼ੁਰ ਦਾ ਵਚਨ ਸਰਬ-ਭਰਪੂਰ ਵਚਨ ਹੈ। ਇਹ ਵਚਨ ਉਹ ਸਭ ਕੁਝ ਹੈ ਜਿਸਦੀ ਤੁਹਾਨੂੰ ਲੋੜ੍ਹ ਹੈ।

37 ਹੁਣ, ਵਿਸ਼ਵਾਸ ਭਰੋਸਾ ਹੈ ਅਤੇ ਅਸੀਂ ਉਥੇ (ਇਬਰਾਨੀਆਂ ਵਿੱਚ) ਵੇਖਦੇ ਹਾਂ ਕਿ ਵਿਸ਼ਵਾਸ ਕੀ ਸੀ ਅਤੇ ਜਿਨਾਂ ਕੋਲ ਵਿਸ਼ਵਾਸ ਸੀ ਉਨ੍ਹਾਂ ਨੇ ਕੀ ਕੀਤਾ। ਵੇਖਿਆ, ਬਹੁਤ ਵਾਰ ਹੁੰਦਾ ਹੈ ਕਿ ਅੱਜ ਲੋਕਾਂ ਕੋਲ ਵਿਸ਼ਵਾਸ ਹੁੰਦਾ ਹੈ ਪਰ ਕਲ੍ਹ ਉਹਨਾਂ ਕੋਲ ਨਹੀਂ ਹੁੰਦਾ; ਅਗਲੇ ਦਿਨ ਉਥੇ ਕੁਝ ਹੁੰਦਾ ਹੈ ਅਤੇ ਫਿਰ ਕੁਝ ਹੋਰ ਹੁੰਦਾ ਹੈ। ਪਰ ਜੱਦ ਪਰਮੇਸ਼ੁਰ ਇੱਕ ਵਾਰ ਇਸ ਤੇ ਲੰਗਰ ਪਾ ਲੈਂਦਾ ਹੈ ਅਤੇ ਤੁਸੀਂ ਵੇਖਦੇ ਹੋ ਤੁਹਾਨੂੰ ਉਥੋਂ ਕੋਈ ਵੀ ਚੀਜ ਹਿਲਾ ਨਹੀ ਸਕਦੀ। ਤੁਸੀਂ ਬੱਸ ਹੁਝਾਂ ਮਾਰ ਰਹੇ ਹੋ, ਕੌਸ਼ਿਸ ਕਰ ਰਹੇ ਹੋ, ਅਨੁਮਾਨ ਲਗਾ ਰਹੇ ਹੋ। ਅਤੇ

*ਅਨੁਮਾਨ* "ਬਿਨਾਂ ਅਧਿਕਾਰ ਤੋਂ ਖਤਰਨਾਕ ਕੰਮ ਕਰਨਾ" ਹੈ; ਤੁਸੀਂ ਬੱਸ *ਇਹ* ਕਰਨ ਦੀ ਕੋਸ਼ਿਸ਼ ਕਰ ਰਹੇ ਹੋ ਅਤੇ ਤੁਸੀਂ *ਉਹ* ਕਰਨ ਦੀ ਕੋਸ਼ਿਸ਼ ਕਰ ਰਹੇ ਹੋ ਅਤੇ *ਇਸ* ਪਾਸੇ ਜਾ ਰਹੇ ਹੋ ਅਤੇ *ਇਧਰ* ਕਦੇ *ਉਧਰ* ਦੌੜ ਰਹੇ ਹੋ। ਤੁਹਾਨੂੰ ਅਜੇ ਤੱਕ ਵਿਸ਼ਵਾਸ ਨਹੀਂ ਮਿਲਿਆ ਹੈ! ਪਰ ਜਦ…ਇਸ ਨੂੰ ਹੀ ਅਸੀਂ "ਵਿਸ਼ਵਾਸ" ਆਖਦੇ ਹਾਂ।

38 ਮੈਂ–ਮੈਂ–ਮੈਂ…ਮੁਆਫ ਕਰਨਾ। ਮੈਂ ਚਾਹੁੰਦਾ ਹਾਂ ਤੁਸੀਂ…ਧੰਨਵਾਦ, ਭਾਈ।

39 ਮੈਂ–ਮੈਂ ਚਾਹੁੰਦਾ ਹਾਂ ਕਿ ਤੁਸੀਂ ਹੁਣੇ ਇਸ ਨੂੰ ਲੈ ਲਵੋ। ਅਸੀਂ…ਕਲੀਸਿਯਾ ਨੂੰ ਪਰਮੇਸ਼ੁਰ ਦੀ ਸਮਰਥ ਨਾਲ ਆਪਣੇ ਆਪ ਨੂੰ ਉਪਰ ਚੁਕਣਾ ਹੈ। ਕਿਵੇਂ? ਹੁਣ, ਅਸੀਂ ਅੰਤ ਦੇ ਬਹੁਤ ਜਿਆਦਾ ਨੇੜ੍ਹੇ ਹਾਂ; ਅਤੇ ਮੈਂ ਵਿਸ਼ਵਾਸ ਕਰਦਾ ਹਾਂ ਕਿ ਕਲੀਸਿਯਾ ਅਜਿਹੀ ਹਾਲਤ ਵਿੱਚ ਹੈ ਕਿ ਅਸੀਂ ਉਸਨੂੰ ਕੁਝ ਡੂੰਘੀਆਂ ਗਲਾਂ ਸਿਖਾ ਸਕਦੇ ਹਾਂ ਅਤੇ ਢੋਂਗੀ ਵਿਸ਼ਵਾਸ ਨੂੰ ਬਾਹਰ ਕਢ ਕੇ ਅਸਲੀਅਤ ਵਿੱਚ ਜਾ ਸਕਦੇ ਹਾਂ। ਸਮਝੇ? ਇਹ ਕੋਈ ਚੀਜ ਹੋਣੀ ਚਾਹੀਦੀ ਹੈ ਜਿਸ ਨੂੰ ਤੁਸੀਂ ਜਾਣਦੇ ਹੋ!

ਅਤੇ ਜੇਕਰ ਤੁਸੀਂ ਕਹੋਗੇ, "ਭਾਈ ਬ੍ਰਾਨਹਾਮ, ਇਹ ਪ੍ਰਕਾਸ਼ ਨਹੀਂ ਹੈ"।

"ਫਿਰ ਵੀ ਮੈਂ ਜਾਣਦਾ ਹਾਂ ਕਿ ਇਹ ਪ੍ਰਕਾਸ਼ ਹੈ"।

"ਤੁਸੀਂ ਕਿਵੇਂ ਜਾਣਦੇ ਹੋ ਕਿ ਇਹ ਪ੍ਰਕਾਸ਼ ਹੈ?"

"ਮੈਂ ਇਸ ਵਲ ਵੇਖ ਰਿਹਾ ਹਾਂ"।

"ਖੈਰ, ਤੁਸੀਂ ਕਿਵੇਂ ਜਾਣਦੇ ਹੋ ਕਿ ਤੁਸੀਂ ਗਲਤ ਨਹੀਂ ਹੋ?"

"ਮੇਰੀ ਨਜ਼ਰ ਨੇ ਮੈਨੂੰ ਹਮੇਸ਼ਾ ਇਹ ਹੀ ਦੱਸਿਆ ਹੈ ਕਿ ਇਹ ਪ੍ਰਕਾਸ਼ ਸੀ"। ਵੇਖਿਆ?

40 ਅਤੇ ਇਹ ਹੀ ਕਾਰਨ ਹੈ ਕਿ ਮੈਂ ਉਨ੍ਹਾਂ ਦਰਸ਼ਨਾਂ ਉੱਤੇ ਵਿਸ਼ਵਾਸ ਕਰਦਾ ਹਾਂ ਕਿਉਂਕਿ ਉਹ ਵਚਨ ਦੇ ਅਨੁਸਾਰ ਹਨ ਅਤੇ ਇਹਨਾਂ ਨੇ ਮੇਰੇ ਉੱਤੇ ਸੱਚਾਈ ਪ੍ਰਗਟ ਕੀਤੀ ਹੈ। ਸਮਝੇ? ਜੇਕਰ ਪਰਮੇਸ਼ੁਰ ਨੇ ਇਹ ਕਿਹਾ ਹੈ ਤਾਂ ਇਹ ਹੀ ਸਾਰਾ ਮਾਮਲਾ ਖਤਮ ਕਰਦਾ ਹੈ। ਹੁਣ ਜੇਕਰ ਉਸੇ ਤਰ੍ਹਾਂ ਕਿਹਾ ਗਿਆ ਹੈ ਤਾਂ ਫਿਰ ਹੋਰ ਅਨੁਮਾਨ ਲਾਉਣ ਵਾਲਾ ਕੰਮ ਖਤਮ ਹੋ ਜਾਂਦਾ ਹੈ ਕਿਉਂਕਿ ਇਹ ਉਸੇ ਤਰ੍ਹਾਂ ਹੋਣ ਜਾ ਰਿਹਾ ਹੈ। ਫਿਰ ਤੁਸੀਂ ਇਹ ਸੁਣਦੇ ਹੋ "ਯਹੋਵਾਹ ਇੰਝ ਫਰਮਾਉਂਦਾ ਹੈ" ਵੇਖਿਆ, ਕਿਉਂਕਿ ਇਹ–ਇਹ ਮਨੁਖੀ ਸੋਚ ਤੋਂ ਬਾਹਰ ਹੈ। ਇਹ ਪਰਮੇਸ਼ੁਰ ਦੀ ਸੋਚ ਹੈ ਜੋ ਉਪਰਲੇ ਖੇਤਰ ਵਿੱਚ ਹੈ। ਪਰ ਤੁਸੀਂ ਇਥੇ ਇੱਕ ਵੇਲ ਦੀ ਤਰ੍ਹਾਂ ਖੜ੍ਹੇ ਹੋ…ਇੱਕ ਟਹਿਣੀ ਦੇ ਤਰ੍ਹਾਂ ਜੋ ਵੇਲ ਦੇ ਅਨੁਸਾਰ ਫਲ ਪੈਦਾ ਕਰ ਰਹੀ ਹੈ। ਸਮਝੇ? ਪਰਮੇਸ਼ੁਰ ਮਨੁੱਖ ਦਾ ਇਸਤੇਮਾਲ ਕਰਦਾ ਹੈ ਅਤੇ ਸਿਰਫ ਮਨੁੱਖ ਦਾ ਹੀ ਇਸਤੇਮਾਲ ਕਰਦਾ ਹੈ। ਪਰਮੇਸ਼ੁਰ ਮਸ਼ੀਨਾਂ ਦਾ ਇਸਤੇਮਾਲ ਨਹੀਂ ਕਰਦਾ। ਪਰਮੇਸ਼ੁਰ ਮਨੁਖਾਂ ਦੇ ਸੰਗਠਨ ਦਾ ਇਸਤੇਮਾਲ ਨਹੀਂ ਕਰਦਾ। ਪਰਮੇਸ਼ੁਰ ਸੰਸਥਾਵਾਂ ਦਾ ਇਸਤੇਮਾਲ ਨਹੀਂ ਕਰਦਾ। ਪਰਮੇਸ਼ੁਰ ਹਮੇਸ਼ਾ ਮਨੁੱਖਾਂ ਦਾ ਇਸਤੇਮਾਲ ਕਰਦਾ ਹੈ!

41 ਹੁਣ ਵਿਸ਼ਵਾਸ ਇੱਕ ਪੱਕਾ ਭਰੋਸ਼ਾ ਹੈ ਅਤੇ ਇਸਦੇ ਦੁਆਰਾ ਹੀ ਅਸੀਂ ਕੀਤੇ ਗਏ ਕੰਮਾਂ ਨੂੰ ਸਮਝ ਸਕਦੇ ਹਾਂ। ਇਹ ਇੱਕ ਕਲਪਨਾ ਨਹੀਂ ਹੈ, ਇਹ ਇੱਕ ਪੱਕਾ ਭਰੋਸਾ ਹੈ; ਖਾਸ਼ ਕਰਕੇ ਸਿੱਧ ਵਿਸ਼ਵਾਸ। ਸਿੱਧ ਵਿਸ਼ਵਾਸ, ਅੱਜ ਰਾਤ ਮੈਂ ਇਸ ਵਿਸ਼ੇ ਤੇ ਹੀ ਬੋਲ ਰਿਹਾ ਹਾਂ। ਇਹ ਕੋਈ ਕਲਪਨਾ ਨਹੀਂ ਹੈ।

42 ਹੁਣ, ਬਹੁਤ ਸਾਰੇ ਲੋਕ ਆ ਕੇ ਕਹਿੰਦੇ ਹਨ, “ਔਹ, ਮੈਨੂੰ ਸਾਰਾ ਵਿਸ਼ਵਾਸ ਮਿਲ ਗਿਆ ਹੈ; ਔਹ ਯਕੀਨਨ ਮੇਰੇ ਕੋਲ ਹੈ” । ਠੀਕ ਹੈ, ਫਿਰ ਤੁਸੀਂ ਇਥੇ ਕਿਸ ਚੀਜ ਲਈ ਖੜ੍ਹੇ ਹੋ? ਸਮਝੇ? ਸਮਝੇ? ਵੇਖੋ, ਤੁਹਾਡੇ ਕੰਮ ਹੀ ਇਹ ਸਾਬਤ ਕਰਦੇ ਹਨ ਕਿ ਜਿਸ ਬਾਰੇ ਤੁਸੀਂ ਕਹਿ ਰਹੇ ਉਹ ਤੁਹਾਡੇ ਕੋਲ ਨਹੀਂ ਹੈ । ਵੇਖਿਆ? ਜੇਕਰ ਤੁਹਾਡੇ ਕੋਲ ਵਿਸ਼ਵਾਸ ਹੁੰਦਾ ਤਾਂ ਫਿਰ ਤੁਸੀਂ ਪ੍ਰਾਰਥਨਾ ਦੀ ਕਤਾਰ ਵਿੱਚ ਕਿਸ ਲਈ ਖੜੇ ਹੁੰਦੇ? ਵੇਖਿਆ? ਤੁਸੀਂ ਇਹ ਸਭ ਕਿਸ ਲਈ ਕਰ ਰਹੇ ਹੋ?

43 ਦੇਖੋ, ਜੇਕਰ ਤੁਹਾਡੇ ਕੋਲ ਸਿੱਧ ਵਿਸ਼ਵਾਸ ਹੁੰਦਾ ਤਾਂ ਤੁਸੀਂ ਸਿਧਾ ਪਰਮੇਸ਼ੁਰ ਵਲ ਵੇਖਦੇ ਅਤੇ ਉਸਤੇ ਵਿਸ਼ਵਾਸ ਕਰਦੇ ਅਤੇ ਚਲੇ ਜਾਂਦੇ । ਤੁਹਾਨੂੰ ਪ੍ਰਾਰਥਨਾ ਦੀ ਕਤਾਰ ਵਿੱਚ ਆਉਣ ਦੀ ਲੋੜ੍ਹ ਨਾ ਹੁੰਦੀ । ਤੁਹਾਨੂੰ ਇਹ ਕਰਨ ਦੀ ਲੋੜ੍ਹ ਨਾ ਹੁੰਦੀ ਕਿਓਂਕਿ ਤੁਹਾਡੇ ਵਿਸ਼ਵਾਸ ਨੇ ਇਹ ਕਰ ਦਿੱਤਾ ਹੁੰਦਾ । ਵੇਖਿਆ? ਮੈਨੂੰ ਇਹ ਕਹਿਣ ਦਾ ਕੀ ਲਾਭ ਹੋਵੇਗਾ, “ਮੈਨੂੰ ਇੱਕ ਕਮੀਜ ਪਾਉਣੀ ਪੈਣੀ ਹੈ”? ਜਦਕਿ ਮੈਂ ਪਹਿਲਾਂ ਹੀ ਕਮੀਜ ਪਹਿਨੀ ਹੋਈ ਹੈ!

44 “ਤੁਸੀਂ ਕਿਵੇਂ ਜਾਣਦੇ ਹੋ ਕਿ ਤੁਸੀਂ ਕਮੀਜ ਪਹਿਣੀ ਹੋਈ ਹੈ?”

45 “ਖੈਰ, ਮੈਂ ਇਸ ਨੂੰ ਵੇਖ ਸਕਦਾ ਹਾਂ, ਮਹਿਸੂਸ ਕਰ ਸਕਦਾ ਹਾਂ ਅਤੇ ਜਾਣਦਾ ਹਾਂ ਕਿ ਇਹ ਹੈ” । ਖੈਰ, ਜਦੋਂ ਸਿੱਧ ਵਿਸ਼ਵਾਸ ਕਿਸੇ ਨੂੰ ਫੜ੍ਹ ਲੈਂਦਾ ਹੈ ਤਾਂ ਇਸ ਤਰ੍ਹਾਂ ਹੀ ਅਸਲ ਮਹਿਸੂਸ ਹੁੰਦਾ ਹੈ । ਫਿਰ ਤੁਹਾਨੂੰ ਹੋਰ ਨਹੀਂ–ਤੁਹਾਨੂੰ ਹੋਰ ਕਿਸੇ ਵੀ ਚੀਜ ਦੀ ਲੋੜ੍ਹ ਨਹੀਂ । ਇਹ ਪਹਿਲਾਂ ਹੀ ਹੋ ਗਿਆ ਹੈ; ਤੁਸੀਂ ਇਹ ਜਾਣਦੇ ਹੋ ।

46 “ਤੁਸੀਂ ਇਹ ਕਿਵੇਂ ਜਾਣਦੇ ਹੋ?”

47 “ਵਿਸ਼ਵਾਸ ਮੈਨੂੰ ਇੰਝ ਦੱਸਦਾ ਹੈ!” ਬੱਸ ਇਹੀ ਹੈ । ਵੇਖਿਆ? ਕੀ ਹੁਣ ਤੁਸੀਂ ਸਮਝ ਗਏ ਕਿ ਮੇਰਾ ਇਹ ਕਹਿਣ ਦਾ ਕੀ ਮਤਲਬ ਹੈ? ਇਹ ਸਿੱਧ ਵਿਸ਼ਵਾਸ ਹੈ ।

48 ਹੁਣ, ਦੂਸਰੇ ਸਬਦਾਂ ਵਿੱਚ ਮੈਂ ਇਹ ਕਹਿਣ ਦਾ ਹੋਂਸਲਾ ਕਰਦਾ ਹਾਂ, “ਠੀਕ ਹੈ, ਮੈਂ ਜਾਵਾਂਗਾ । ਬਾਈਬਲ ਆਖਦੀ ਹੈ, ‘ਜੇਕਰ ਤੁਹਾਡੇ ਵਿਚੋਂ ਕੋਈ ਮਾਂਦਾ ਹੋਵੇ ਤਾਂ ਕਲੀਸਿਯਾ ਦੇ ਬਜੁਰਗਾਂ ਨੂੰ ਸਦੇ ਅਤੇ ਉਹ ਪ੍ਰਭੂ ਦਾ ਨਾਮ ਲੈ ਕੇ ਤੇਲ ਝੱਸਣ ਅਤੇ ਉਹ ਦੇ ਲਈ ਪ੍ਰਾਰਥਨਾ ਕਰਨ’ । ਮੈਂ ਜਾਣਦਾ ਹਾਂ ਕਿ ਮੈਂ ਚੰਗਾ ਹੋ ਜਾਵਾਂਗਾ” । ਅਤੇ ਤੁਸੀਂ ਕਹਿੰਦੇ ਹੋ, “ਖੈਰ, ਮੈਂ ਚੰਗਾ ਹੋ ਜਾਵਾਂਗਾ” । ਵੇਖੋ, ਤੁਸੀਂ ਆਪਣੇ ਆਪ ਨੂੰ ਇਹ ਸਮਝਾ ਰਹੇ ਹੋ, ਤੁਸੀਂ ਧਿਆਨ ਨਹੀਂ ਦਿੰਦੇ ਪਰ ਤੁਸੀਂ ਬੱਸ ਆਪਣੇ ਆਪ ਨੂੰ ਉਤੇਜਿਤ ਕਰ ਰਹੇ ਹੋ । ਅਤੇ ਜਦੋਂ ਤੁਸੀਂ ਕਤਾਰ ਵਿਚੋਂ ਲੰਘ ਕੇ ਜਾਂਦੇ ਹੋ ਅਤੇ ਕਹਿੰਦੇ ਹੋ, “ਔਹ, ਮੈਂ–ਮੈਂ ਅਜੇ ਵੀ ਫਰਕ ਨਹੀਂ ਵੇਖ ਸਕਦਾ” । ਵੇਖਿਆ ਤੁਸੀਂ ਇਥੇ ਸੀ ਪਰ ਤੁਹਾਡੇ ਕੋਲ ਵਿਸ਼ਵਾਸ ਨਹੀਂ ਸੀ!

49 ਤੁਹਾਡਾ ਸੱਚਾ ਵਿਸ਼ਵਾਸ ਇਹ ਉਥੇ ਹੀ ਕਰ ਦੇਵੇਗਾ । ਤੁਹਾਡਾ ਸੱਚਾ ਵਿਸ਼ਵਾਸ ਇਸ ਨੂੰ ਤੁਹਾਡੇ ਲਈ ਇੰਨਾ ਅਸਲ ਬਣਾ ਦੇਵੇਗਾ ਕਿ…ਉਸ ਔਰਤ ਵਲ ਵੇਖੋ ਜਿਸਨੂੰ ਲਹੂ ਪੈਣ ਦਾ ਰੋਗ ਸੀ, ਉਸਨੇ ਕਿਹਾ, “ਜੇਕਰ ਮੈਂ ਉਸਦੇ ਬਸਤਰ ਦੀ ਕੰਨੀ ਵੀ ਛੂਹ ਲਵਾਂ ਤਾਂ ਮੈਂ ਚੰਗੀ ਹੋ ਜਾਵਾਂਗੀ” । ਅਤੇ ਜਿਵੇਂ ਹੀ ਉਸਨੇ ਇਹ ਕੀਤਾ, ਉਸਨੇ ਕਿਹਾ ਕਿ “ਉਸਨੇ ਆਪਣੇ ਅੰਦਰ ਇਹ ਮਹਿਸੂਸ ਕੀਤਾ ਕੀ ਉਸਦੀ ਲਹੂ ਪੈਣ ਦੀ ਬਿਮਾਰੀ ਰੁੱਕ ਗਈ ਹੈ” । ਉਸਨੇ ਅਸਲ ਵਿੱਚ ਇਸਦਾ ਵਿਸ਼ਵਾਸ ਕੀਤਾ ਸੀ ।

50 ਅਤੇ ਜਦੋਂ ਉਸਨੇ ਛੁਹਿਆ…ਇਹ ਸਾਬਤ ਕਰਨ ਲਈ ਕਿ ਉਹ ਠੀਕ ਹੋ ਗਈ ਹੈ ਯਿਸੂ ਮੁੜਿਆ ਅਤੇ ਆਖਿਆ, “ਕਿਸ ਨੇ ਮੈਨੂੰ ਛੁਹਿਆ?” ਇਹ ਸਿੱਧ ਵਿਸ਼ਵਾਸ ਸੀ! ਅਤੇ ਅੱਜ

ਰਾਤ ਉਹੀ ਸਿੱਧ ਵਿਸ਼ਵਾਸ ਯਿਸੂ ਮਸੀਹ ਨੂੰ ਛੂਹ ਲਵੇਗਾ ਜਿਵੇਂ ਉਦੋਂ ਉਸਨੇ ਛੁਹਿਆ ਸੀ। ਉਹ ਔਰਤ ਉਸ ਸਮੇਂ ਦੇ ਲਈ ਸਿੱਧ ਵਿਸ਼ਵਾਸ ਨਾਲ ਆਈ ਸੀ।

51 ਹੁਣ, ਅਸੀਂ ਵੇਖਦੇ ਹਾਂ ਕਿ ਪਹਿਲਾਂ ਚੇਲਿਆਂ ਕੋਲ ਸਿੱਧ ਵਿਸ਼ਵਾਸ ਨਹੀਂ ਸੀ। ਉਹਨਾਂ ਕੋਲ ਇਹ ਨਹੀਂ ਸੀ; ਕਿਉਂਕਿ ਮਸੀਹ ਉਹਨਾਂ ਦੇ ਨਾਲ ਚਲ ਰਿਹਾ ਸੀ; ਪਰ ਬਾਅਦ ਵਿੱਚ ਮਸੀਹ ਉਹਨਾਂ ਦੇ ਅੰਦਰ ਸੀ। ਇਸ ਲਈ ਤੁਸੀਂ ਵੇਖਦੇ ਹੋ ਕਿ ਪਵਿੱਤਰ ਆਤਮਾ ਤੋਂ ਬਿਨਾਂ ਸਿੱਧ ਵਿਸ਼ਵਾਸ ਹੋਣਾ ਬਹੁਤ ਔਖਾ ਹੈ; ਪਵਿੱਤਰ ਆਤਮਾ ਨੂੰ ਹੀ ਉਸ ਨੂੰ ਲੈ ਕੇ ਆਉਣਾ ਹੈ ਅਤੇ ਉਹ ਲੈ ਕੇ ਵੀ ਆਉਂਦਾ ਹੈ। ਹੁਣ, ਤੁਸੀਂ ਕਹਿੰਦੇ ਹੋ, “ਚੇਲਿਆਂ ਕੋਲ ਸਿੱਧ ਵਿਸ਼ਵਾਸ ਨਹੀਂ ਸੀ?” ਨਹੀਂ ਜੀ; ਕਿਉਂਕਿ ਉਥੇ ਇੱਕ ਮੁੰਡਾ ਸੀ ਜਿਸ ਨੂੰ ਮਿਰਗੀ ਦੇ ਦੌਰੇ ਪੈਂਦੇ ਸਨ ਅਤੇ ਉਹ ਉਸ ਵਿਚੋਂ ਦੁਸਟ ਆਤਮਾ ਬਾਹਰ ਕਢਣ ਦੀ ਕੋਸ਼ਿਸ ਕਰ ਰਹੇ ਸਨ ਪਰ ਉਹ ਨਹੀ ਕਢ ਸਕੇ।

52 ਅਤੇ ਉਸਦਾ ਪਿਤਾ ਯਿਸੂ ਕੋਲ ਆਇਆ ਅਤੇ ਕਿਹਾ, “ਮੈਂ ਆਪਣੇ ਪੁੱਤਰ ਨੂੰ ਤੁਹਾਡੇ ਚੇਲਿਆਂ ਕੋਲ ਲੈ ਕੇ ਆਇਆ ਪਰ ਉਹ ਉਸ ਨੂੰ ਚੰਗਾ ਨਹੀਂ ਕਰ ਸਕੇ”। ਵੇਖਿਆ?

53 ਅਤੇ ਬਾਅਦ ਵਿੱਚ ਚੇਲਿਆਂ ਨੇ ਯਿਸੂ ਕੋਲੋਂ ਪੁਛਿਆ, “ਅਸੀਂ ਉਸ ਨੂੰ ਚੰਗਾ ਕਿਓਂ ਨਾ ਕਰ ਸਕੇ”।

54 ਅਤੇ ਯਿਸੂ ਨੇ ਕਿਹਾ, “ਤੁਹਾਡੇ ਘੱਟ ਵਿਸ਼ਵਾਸ ਅਤੇ ਤੁਹਾਡੀ ਬੇਪਰਤੀਤੀ ਕਾਰਨ”। ਇਹ ਠੀਕ ਹੈ। “ਤੁਹਾਡੀ ਬੇਪਰਤੀਤੀ ਕਾਰਨ…”

55 ਹੁਣ ਯਾਦ ਰਹੇ, ਉਹਨਾਂ ਕੋਲ ਸਮਰਥ ਸੀ। ਯਿਸੂ ਨੇ ਬੱਸ ਕੁਝ ਹੀ ਦਿਨ ਪਹਿਲਾਂ ਉਹਨਾਂ ਨੂੰ ਬਿਮਾਰਾਂ ਨੂੰ ਚੰਗਿਆਂ ਕਰਨ ਲਈ, ਮੁਰਦੇ ਜਿਓਂਦੇ ਕਰਨ ਲਈ ਅਤੇ ਭੂਤਾਂ ਨੂੰ ਕਢਣ ਲਈ ਸਮਰਥ ਦਿੱਤੀ ਸੀ। ਉਹਨਾਂ ਕੋਲ ਸਮਰਥ ਸੀ ਪਰ ਉਸ ਸਮਰਥ ਦੀ ਵਰਤੋਂ ਕਰਨ ਲਈ ਵਿਸ਼ਵਾਸ ਨਹੀਂ ਸੀ। ਹੁਣ ਇਥੇ ਬ੍ਰਾਨਹਾਮ ਡੇਰਾ ਹੈ! ਅੱਜ ਦੀ ਕਲੀਸਿਯਾ, ਅੱਜ ਦੀ ਦੁਲਹਨ ਦੀ ਵੀ ਇਹੀ ਹਾਲਤ ਹੈ! ਪਵਿੱਤਰ ਆਤਮਾ ਸਮਰਥ ਦੇ ਨਾਲ ਇਥੇ ਹੈ ਪਰ ਤੁਹਾਡੇ ਕੋਲ ਉਸ ਦਾ ਇਸਤੇਮਾਲ ਕਰਨ ਲਈ ਉਹ ਵਿਸ਼ਵਾਸ ਨਹੀਂ ਹੈ। ਸਮਝੇ ਮੇਰਾ ਕੀ ਮਤਲਬ ਹੈ? ਇਸ ਨੂੰ ਪਵਿੱਤਰ ਆਤਮਾ ਦੁਆਰਾ ਹੀ ਹਿਲਾਇਆ ਜਾ ਸਕਦਾ ਹੈ।

56 ਮੇਰੇ ਕੋਲ ਇੱਕ ਗੋਲਾ ਹੈ ਜਿਸ ਨੂੰ ਮੈਂ ਆਪਣੇ ਹੱਥ ਨਾਲ ਭਰਿਆ ਹੈ। ਵਚਨ ਦੀ ਤਰ੍ਹਾਂ, ਮੈਂ ਸਸਤ੍ਰ ਵਿਗਿਆਨ ਦੁਆਰਾ ਜਾਣਦਾ ਹਾਂ ਕਿ ਇਹ ਕੀ ਕਰੇਗਾ ਪਰ ਮੈਨੂੰ ਬੰਦੂਕ ਚਲਾਉਣੀ ਪੈਣੀ ਹੈ। ਅਤੇ ਅੱਗ ਉਸਦੇ ਮਸਾਲੇ ਤੱਕ ਜਾਣੀ ਚਾਹੀਦੀ ਹੈ। ਉਸ ਮਸਾਲੇ ਵਿੱਚ ਸਮਰਥ ਹੈ ਪਰ ਉਸ ਨੂੰ ਜਲਾਉਣ ਲਈ ਅੱਗ ਦੀ ਲੋੜ੍ਹ ਹੈ। ਅਤੇ ਠੀਕ ਉਸੇ ਤਰ੍ਹਾਂ ਉਸ ਗੋਲੇ ਦੇ ਵਿੱਚ ਮਸਾਲਾ ਹੈ ਪਰ ਉਸ ਨੂੰ ਜਲਾ ਕੇ ਉਸ ਨੂੰ ਬਾਹਰ ਸੁੱਟਣ ਲਈ ਵਿਸ਼ਵਾਸ ਦੀ ਲੋੜ੍ਹ ਹੈ। ਅਤੇ ਇਹੀ ਸਭ ਦੀ ਲੋੜ੍ਹ ਹੈ, ਵੇਖੋ, ਪਵਿੱਤਰ ਆਤਮਾ ਦੀ ਸਮਰਥ ਨੂੰ ਚੰਗਿਆੜੀ ਦੇਣ ਲਈ ਸਿੱਧ ਵਿਸ਼ਵਾਸ ਦੀ ਲੋੜ੍ਹ ਹੈ, ਜੱਦ ਤੋਂ ਉਹ ਸਾਡੇ ਉੱਪਰ ਆ ਰਿਹਾ ਹੈ; ਮਹਾਨ ਚੀਜਾਂ ਨੂੰ ਵੇਖਣ ਲਈ ਵਿਸ਼ਵਾਸ ਦੀ ਲੋੜ੍ਹ ਹੈ…ਵਿਸ਼ਵਾਸ ਉਹ ਚੀਜ ਹੈ ਜੋ ਇਹ ਤੁਹਾਡੇ ਉੱਤੇ ਪ੍ਰਗਟ ਕਰਦਾ ਹੈ।

57 ਇਹ ਜਾਣਦੇ ਹੋਏ ਕਿ ਤੁਸੀਂ ਕੀ ਕਹਿਣਾ ਹੈ ਤੁਸੀਂ ਆਪਣਾ ਅਨੰਦ ਭਰਿਆ ਹਿਰਦਾ ਲੈ ਕੇ ਬੀਮਾਰਾਂ ਦੇ ਕਮਰੇ ਵਿੱਚ ਜਾਂਦੇ ਹੋ। ਤੁਸੀਂ ਅੰਦਰ ਜਾਂਦੇ ਹੋ ਅਤੇ ਜਾਣਦੇ ਹੋ ਕਿ ਕੀ ਹੋਣ ਵਾਲਾ ਹੈ। ਤੁਸੀਂ ਜਾਣਦੇ ਹੋ ਕਿ ਪਹਿਲਾਂ ਤੋਂ ਹੀ ਕੋਈ ਚੀਜ ਤੁਹਾਡੇ ਉੱਤੇ ਪ੍ਰਗਟ ਕੀਤੀ ਗਈ

ਹੈ । ਅਤੇ ਤੁਸੀਂ ਅੰਦਰ ਜਾਂਦੇ ਹੋ, ਅਤੇ ਕਹਿੰਦੇ ਹੋ “ਯਹੋਵਾਹ ਇੰਝ ਫਰਮਾਉਂਦਾ ਹੈ! ਯਿਸੂ ਮਸੀਹ ਦੇ ਨਾਂ ਵਿੱਚ, ਉਠ ਖਲੋ” । ਇਥੇ ਹੋ ਤੁਸੀਂ; ਇਹ ਹੈ ਸਿੱਧ ਵਿਸ਼ਵਾਸ । ਜੇਕਰ ਇਥੇ ਇੱਕ ਕਰੋੜ ਲੋਕ ਵੀ ਖੜ੍ਹੇ ਹੋ ਕੇ ਇਹ ਕਹਿਣ ਕਿ ਇਹ ਨਹੀਂ ਹੋਵੇਗਾ ਤਦ ਵੀ ਤੁਸੀਂ ਜਾਣਦੇ ਹੋ ਕਿ ਇਹ ਕਿਸੇ ਵੀ ਤਰ੍ਹਾਂ ਹੋਵੇਗਾ ਕਿਉਂਕਿ ਤੁਸੀਂ ਇਹ ਜਾਣਦੇ ਹੋ । ਕਿ ਇਹ ਹੋ ਜਾਵੇਗਾ । ਇਸਦੀ ਕੋਈ ਪਰਵਾਹ ਨਹੀਂ ਕਿ ਕੋਈ ਇਸ ਬਾਰੇ ਕੀ ਆਖਦਾ ਹੈ ਕਿਉਂਕਿ ਸਿਰਫ ਤੁਸੀਂ ਇੱਕ ਹੋ ਜਿਸ ਕੋਲ ਵਿਸ਼ਵਾਸ ਹੈ ।

58 ਕੀ ਤੁਸੀਂ ਕਲਪਨਾ ਕਰ ਸਕਦੇ ਹੋ, ਯਹੋਸ਼ੁਆ ਨੇ ਇਸਰਾਇਲ ਦੇ ਸਾਰੇ ਬਜੁਰਗਾਂ ਨੂੰ ਬੁਲਾਇਆ ਹੋਵੇਗਾ ਅਤੇ ਕਿਹਾ, “ਭਾਇਓ, ਅਸੀਂ ਪ੍ਰਭੂ ਦੇ ਦਾਸ ਹਾਂ, ਮੈਂ ਤੁਹਾਨੂੰ ਇਹ ਕਹਿਣਾ ਚਾਹੁੰਦਾ ਹਾਂ...ਅਸੀਂ ਯਹੋਵਾਹ ਤੋਂ ਪੁਛੀਏ ਕਿ ਇਹ ਠੀਕ ਹੋਵੇਗਾ ਕਿ ਉਹ ਸਾਨੂੰ ਥੋੜ੍ਹੀ ਜਿਹੀ ਹੋਰ ਸੂਰਜ ਦੀ ਰੌਸ਼ਨੀ ਦੇਵੇ ਅਤੇ ਸੂਰਜ ਨੂੰ ਕੁਝ ਦੇਰ ਲਈ ਰੋਕ ਲਵੇ”?

59 ਨਹੀਂ; ਉਸਨੂੰ ਇਸਦੀ ਲੋੜ੍ਹ ਸੀ, ਉਸਨੂੰ ਇਸਦੀ ਲੋੜ੍ਹ ਸੀ ਅਤੇ ਉਸਨੇ (ਬਿਨਾਂ ਪ੍ਰਾਰਥਨਾ, ਬਿਨਾਂ ਕਿਸੇ ਚੀਜ ਦੇ) ਬੱਸ ਸੂਰਜ ਨੂੰ ਹੁਕਮ ਦਿੱਤਾ! ਉਸਨੇ ਕਿਹਾ, “ਸੂਰਜ ਉਥੇ ਥਮ੍ਹ ਜਾ! ਮੈਨੂੰ ਤੇਰੀ ਲੋੜ੍ਹ ਹੈ ਅਤੇ ਮੈਂ ਪਰਮੇਸ਼ੁਰ ਦੀ ਸੇਵਾ ਵਿੱਚ ਹਾਂ ਅਤੇ ਉਸਨੇ ਹੀ ਮੈਨੂੰ ਇਥੇ ਇਹ ਕੰਮ ਕਰਨ ਲਈ ਭੇਜਿਆ ਹੈ ਅਤੇ ਮੈਂ ਇਹ ਜਿਨੀਂ ਚੰਗੀ ਤਰ੍ਹਾਂ ਕਰਨਾ ਜਾਣਦਾ ਹਾਂ ਕਰ ਰਿਹਾ ਹਾਂ ਅਤੇ ਵੈਰੀ ਖਿੰਡ ਗਏ ਹਨ ਅਤੇ ਉਹ ਬਾਹਰ ਹਨ; ਜੇਕਰ ਮੈਂ ਸੂਰਜ ਨੂੰ ਡੁਬਣ ਦਿੱਤਾ ਤਾਂ ਉਹ ਇਕਠੇ ਹੋ ਜਾਣਗੇ ਅਤੇ ਮੇਰੇ ਲਈ ਜਿਆਦਾ ਪਰੇਸ਼ਾਨੀ ਖੜੀ ਕਰਨਗੇ । ਇਸ ਲਈ ਥਮ੍ਹ ਜਾ! ਅਤੇ ਚੰਦ ਤੂੰ ਵੀ ਉਥੇ ਰੁਕਿਆ ਰਹਿ!” ਆਮੀਨ; ਉਹ ਉਥੇ ਚੌਵੀ ਘੰਟੇ ਰੁਕਿਆ ਰਿਹਾ ।

60 ਹੁਣ, ਜੇਕਰ ਧਰਤੀ ਘੁੰਮ ਰਹੀ ਹੈ ਅਤੇ ਉਹ ਉਸ ਨੂੰ ਰੋਕ ਦਵੇ ਅਤੇ ਸੂਰਜ ਵੀ ਇੱਕ ਜਗ੍ਹਾ ਤੇ ਰੁਕ ਜਾਵੇ ਅਤੇ ਨਾ ਚਲੇ ਤਾਂ ਫਿਰ ਕੀ ਹੋਵੇਗਾ? ਹੁਣ, ਤੁਸੀਂ ਆਪਣੇ ਆਪ ਨੂੰ ਨਾਸਤਿਕ ਬਣਾਉਂਦੇ ਹੋ ਜੇਕਰ ਤੁਸੀਂ *ਇਹ* ਕਹਿੰਦੇ ਹੋ ਅਤੇ ਜੇਕਰ ਤੁਸੀਂ ਇਸਦੇ ਨਾਲ ਸਹਿਮਤ ਹੋ ਤਾਂ ਤੁਸੀਂ ਵਿਗਿਆਨ ਦਾ ਮਜਾਕ ਬਣਾ ਰਹੇ ਹੋ ਕਿਉਂਕਿ ਉਹ ਕਹਿੰਦੇ ਹਨ ਕਿ ਜੇਕਰ ਧਤਰੀ ਘੁੰਮਣਾ ਬੰਦ ਕਰ ਦੇਵੇ ਤਾਂ ਉਹ ਡਿਗ ਜਾਵੇਗੀ । ਤਾਂ ਹੁਣ ਕੀ ਹੋਵੇਗਾ? ਅਤੇ ਜੇਕਰ ਤੁਸੀਂ ਕਹਿੰਦੇ ਹੋ ਕਿ ਪਰਮੇਸ਼ੁਰ ਦਾ ਵਚਨ ਸਹੀ ਨਹੀਂ ਹੈ ਤਾਂ ਫਿਰ ਤੁਸੀਂ ਇੱਕ ਨਾਸਤਿਕ ਹੋ । ਵੇਖਿਆ? ਪਰ ਇਹ ਹੋਇਆ ਅਤੇ ਇਹ ਹੀ ਮੁੱਖ ਗਲ ਹੈ । ਮੈਂ ਨਹੀਂ ਜਾਣਦਾ ਇਹ ਕਿਵੇਂ ਹੋਇਆ ਪਰ ਇਹ ਹੋਇਆ ਸੀ!

61 ਮੈਂ ਪਵਿੱਤਰ ਆਤਮਾ ਦੀ ਯੰਤਰਿਕੀ ਨੂੰ ਨਹੀਂ ਸਮਝਦਾ ਪਰ ਮੈਂ ਜਾਣਦਾ ਹਾਂ ਕਿ ਉਹ ਮੇਰੇ ਉੱਤੇ ਆਇਆ ਸੀ । ਮੈਂ–ਮੈਂ ਉਸਦੀ ਯੰਤਰਿਕੀ ਬਾਰੇ ਨਹੀਂ ਦੱਸ ਸਕਦਾ ਪਰ ਮੈਂ ਉਸਦੀਆਂ ਬਰਕਤਾਂ ਬਾਰੇ ਜਾਣਦਾ ਹਾਂ । ਮੈਂ–ਮੈਂ ਬੱਸ ਪਵਿੱਤਰ ਆਤਮਾ ਦੀ ਬਰਕਤਾਂ ਬਾਰੇ ਜਾਣਨ ਵਲ ਧਿਆਨ ਦਿੰਦਾ ਹਾਂ । ਅਤੇ ਯੰਤਰਿਕੀ ਬਾਰੇ ਉਹ ਹੀ ਜਾਣਦਾ ਹੈ । ਇਹ ਉਸਦਾ ਗੁਪਤ ਭੇਤ ਹੈ ।

62 ਉਹ ਮੁੰਡਾ ਚੰਗਾ ਨਹੀਂ ਹੋ ਸਕਿਆ ਕਿਉਂਕਿ...ਚੇਲਿਆਂ ਕੋਲ ਸਮਰਥ ਸੀ; ਯਿਸੂ ਨੇ ਉਹਨਾਂ ਨੂੰ ਸਮਰਥ ਦਿੱਤੀ ਸੀ ਤਾਂਕਿ ਉਹ ਸਭ ਤਰ੍ਹਾਂ ਦੇ ਰੋਗਾਂ ਨੂੰ ਚੰਗਾ ਕਰਨ, ਭੂਤਾਂ ਨੂੰ ਕਢਣ, ਕੋੜ੍ਹੀਆਂ ਨੂੰ ਸੁੱਧ ਕਰਨ ਅਤੇ ਮੁਰਦਿਆਂ ਨੂੰ ਜਿਓਂਦਾ ਕਰਨ । ਯਿਸੂ ਨੇ ਉਹਨਾਂ ਨੂੰ ਸਮਰਥ ਦਿੱਤੀ ਸੀ ਪਰ ਉਹਨਾਂ ਕੋਲ ਜੋ ਸਮਰਥ ਸੀ ਉਸ ਨੂੰ ਚਲਾਉਣ ਲਈ ਉਹਨਾਂ ਕੋਲ

ਵਿਸ਼ਵਾਸ ਨਹੀਂ ਸੀ । ਅਤੇ ਫਿਰ ਉਹਨਾਂ ਯਿਸੂ ਕੋਲੋਂ ਪੁਛਿਆ, “ਹੁਣ, ਅਸੀਂ ਇਹ ਕਿਓਂ ਨਹੀਂ ਕਰ ਸਕੇ?”

63 ਹੁਣ ਯਾਦ ਰਹੇ, ਉਹਨਾਂ ਕੋਲ ਵਚਨ ਸੀ ਅਤੇ ਤਦ ਵਚਨ ਦੇਹਧਾਰੀ ਸੀ । ਅਤੇ ਵਚਨ ਨੇ ਉਹਨਾਂ ਨੂੰ ਦੱਸਿਆ, “ਮੈਂ *ਤੁਹਾਨੂੰ* ਸਮਰਥ ਦਿੰਦਾ ਹਾਂ” । ਆਮੀਨ! “ਮੈਂ *ਤੁਹਾਨੂੰ* ਸਮਰਥ ਦਿੰਦਾ ਹਾਂ” । ਅਤੇ ਉਹਨਾਂ ਕੋਲ ਸਮਰਥ ਸੀ ਪਰ ਉਹਨਾਂ ਕੋਲ ਉਸ ਵਚਨ ਨੂੰ ਚਲਾਉਣ ਲਈ ਵਿਸ਼ਵਾਸ ਨਹੀਂ ਸੀ ਜੋ ਉਹਨਾਂ ਦੇ ਅੰਦਰ ਸੀ । ਸਮਝੇ ਮੇਰਾ ਕੀ ਮਤਲਬ ਹੈ? ਪਰ ਯਿਸੂ ਕੋਲ ਵਿਸ਼ਵਾਸ ਸੀ, ਉਹ ਵਚਨ ਸੀ ਅਤੇ ਉਸ ਕੋਲ ਇਹ ਵਿਸ਼ਵਾਸ ਸੀ ਕਿ ਜੋ ਉਹ ਕਹੇਗਾ ਉਹ ਹੋ ਜਾਵੇਗਾ । ਉਸਨੇ ਕਿਹਾ, “ਔਹ, ਉਸਨੂੰ ਮੇਰੇ ਕੋਲ ਲੈ ਕੇ ਆਓ । ਮੈਂ ਕਦ ਤੱਕ ਤੁਹਾਡੀ ਸਹਾਂਗਾ?”

64 ਉਸ ਨੂੰ ਆਪਣੀ ਸਮਰਥ ਉੱਤੇ ਵਿਸ਼ਵਾਸ ਸੀ । ਉਸਨੂੰ ਇਹ ਵਿਸ਼ਵਾਸ ਕਿਵੇਂ ਸੀ? ਉਸਨੇ ਕਿਹਾ, “ਮੈਂ ਆਪਣੇ ਆਪ ਤੋਂ ਕੁਝ ਵੀ ਨਹੀਂ ਕਰ ਸਕਦਾ” । ਕਿਓਂ? ਉਸ ਨੂੰ ਆਪਣੇ ਆਪ ਉੱਤੇ ਭਰੋਸਾ ਸੀ ਕਿਓਂਕਿ ਉਹ ਜਾਣਦਾ ਸੀ ਕਿ ਉਹ ਵਚਨ ਸੀ । ਅਤੇ ਉਸ ਨੂੰ ਪਰਮੇਸ਼ੁਰ ਤੇ ਵਿਸ਼ਵਾਸ ਸੀ ਜਿਸਨੇ ਉਸਨੂੰ ਵਚਨ ਬਣਾਇਆ ਸੀ । ਉਹ ਪਰਮੇਸ਼ੁਰ (ਵਚਨ) ਸੀ ਅਤੇ ਉਹ ਉਸਦੇ ਅੰਦਰ ਸੀ ਅਤੇ ਉਸ ਨੇ ਹੀ ਉਸ ਨੂੰ ਵਿਸ਼ਵਾਸ ਦਿੱਤਾ ਸੀ ਕਿਓਂਕਿ ਉਹ ਆਪਣੀ ਜਗ੍ਹਾ ਨੂੰ ਪਛਾਣਦਾ ਸੀ । ਉਹ ਜਾਣਦਾ ਸੀ ਕਿ ਉਹ ਕੀ ਸੀ ਕਿਓਂਕਿ ਲਿਖਤਾਂ ਦੱਸਦਿਆਂ ਸਨ ਕਿ ਉਹ *ਇਹ* ਸੀ । ਅਤੇ ਇਥੇ ਹਰੇਕ ਲਿਖਤ ਜੁੜੀ ਹੋਈ ਹੈ ਤਾਂਕਿ ਇਹ ਸਾਬਤ ਕਰੇ ਕਿ ਉਹ ਠੀਕ ਉਸੇ ਤਰ੍ਹਾਂ ਸੀ ਜਿਵੇਂ ਲਿਖਤਾਂ ਨੇ ਕਿਹਾ ਸੀ ਕਿ ਉਹ ਹੋਵੇਗਾ ਅਤੇ ਉਹ ਜਾਣਦਾ ਸੀ ਕਿ ਉਹ ਕੌਣ ਸੀ ।

65 ਇਸ ਲਈ ਉਸ ਨੇ ਉਸ ਉੱਤੇ ਭਰੋਸਾ ਰਖਿਆ ਜੋ ਉਸ ਨੂੰ ਪਰਮੇਸ਼ੁਰ ਨੇ ਬਣਾਇਆ ਸੀ । ਅਤੇ ਜੇਕਰ ਉਸਨੇ ਅਜਿਹਾ ਕੀਤਾ ਤਾਂ ਕੀ ਅਸੀਂ ਇਹ ਭਰੋਸਾ ਨਹੀਂ ਕਰ ਸਕਦੇ ਕਿ ਪਰਮੇਸ਼ੁਰ ਨੇ ਸਾਨੂੰ ਵਿਸ਼ਵਾਸੀ ਬਣਾਇਆ ਹੈ? “ਨਿਹਚਾ ਕਰਨ ਵਾਲਿਆਂ ਦੇ ਨਾਲ ਇਹ ਨਿਸ਼ਾਨ ਹੋਣਗੇ!” ਉਸ ਨੂੰ ਇਸ ਗਲ ਦਾ ਵਿਸ਼ਵਾਸ ਸੀ ਕਿ ਉਹ ਕੌਣ ਸੀ । ਅਤੇ ਜੇਕਰ ਤੁਸੀਂ ਇੱਕ ਵਿਸ਼ਵਾਸੀ ਹੋ ਤਾਂ ਤੁਹਾਨੂੰ ਇਹ ਵਿਸ਼ਵਾਸ ਹੋਣਾ ਚਾਹੀਦਾ ਹੈ ਕਿ ਤੁਸੀਂ ਕੌਣ ਹੋ: ਤੁਸੀਂ ਇੱਕ ਵਿਸ਼ਵਾਸੀ ਹੋ! ਅਤੇ ਜੇਕਰ ਤੁਸੀਂ ਪਰਮੇਸ਼ੁਰ ਵਿੱਚ ਵਿਸ਼ਵਾਸ ਕਰਦੇ ਹੋ, ਬਾਈਬਲ ਇਥੇ ਆਖਦੀ ਹੈ… “ਜੇਕਰ ਸਾਡਾ ਮਨ ਸਾਡੇ ਉੱਤੇ ਦੋਸ਼ ਲਾਉਂਦਾ ਹੈ ਤਾਂ ਫਿਰ ਅਸੀਂ ਵਿਸ਼ਵਾਸ ਨਹੀਂ ਕਰ ਸਕਦੇ; ਪਰ ਜੇ ਸਾਡਾ ਮਨ ਸਾਨੂੰ ਦੋਸ਼ ਨਾ ਲਾਵੇ ਤਾਂ ਫਿਰ ਸਾਡੇ ਕੋਲ ਵਿਸ਼ਵਾਸ ਹੈ, ਪਰਮੇਸ਼ੁਰ ਦੇ ਅੱਗੇ ਸਾਨੂੰ ਦਲੇਰੀ ਹੈ” । ਜੇਕਰ ਤੁਸੀਂ ਇਹ ਪੜ੍ਹਨਾ ਚਾਹੁੰਦੇ ਹੋ ਤਾਂ ਇਹ ਸੰਤ ਯੂਹੰਨਾ ਦੀ ਪਹਿਲੀ ਪੱਤ੍ਰੀ 3:21 ਵਿੱਚ ਲਿਖਿਆ ਹੋਇਆ ਹੈ । ਮੈਂ ਇਹ ਲਿਖਤ ਲਿਖੀ ਹੋਈ ਹੈ ।

66 ਹੁਣ ਧਿਆਨ ਦਿਓ, ਸੰਤ ਯੂਹੰਨਾ…ਮੇਰਾ ਮਤਲਬ ਯੂਹੰਨਾ ਦੀ ਪਹਿਲੀ ਪੱਤ੍ਰੀ 3:21 । ਧਿਆਨ ਦਿਓ ।

> *…ਜੇ ਸਾਡਾ ਮਨ ਸਾਨੂੰ ਦੋਸ਼ ਨਾ ਲਾਵੇ ਤਾਂ ਪਰਮੇਸ਼ੁਰ ਦੇ ਅੱਗੇ ਸਾਨੂੰ ਦਲੇਰੀ ਹੈ ।*

67 ਪਰ ਜਿੰਨਾ ਚਿਰ ਤੁਸੀਂ ਉਹ ਕੰਮ ਕਰਦੇ ਰਹਿੰਦੇ ਹੋ ਜੋ ਗਲਤ ਹਨ ਉਨਾਂ ਚਿਰ ਤੁਹਾਨੂੰ ਉਸਦੇ ਅੱਗੇ ਦਲੇਰੀ ਨਹੀਂ ਹੋ ਸਕਦੀ । ਇਸ ਲਈ ਤੁਸੀਂ ਵੇਖ ਸਕਦੇ ਹੋ…ਤੁਸੀਂ ਆਪਣੇ

ਆਪ ਜਾਣ ਲਵੋਗੇ ਕਿ ਤੁਸੀਂ ਗਲਤ ਹੋ। ਇਹ ਜਾਣਦੇ ਹੋਏ ਕਿ ਤੁਸੀਂ ਗਲਤ ਹੋ ਤੁਸੀਂ ਆਪਣੇ ਆਪ ਨੂੰ ਪਾਪੀ ਮੰਨ ਲੈਂਦੇ ਹੋ। ਪਰ ਜਦੋਂ ਤੁਹਾਡਾ ਮਨ ਤੁਹਾਡੇ ਉੱਤੇ ਦੋਸ਼ ਨਹੀਂ ਲਾਉਂਦਾ ਅਤੇ ਤੁਸੀਂ ਜਾਣਦੇ ਹੋ ਕਿ ਤੁਸੀਂ ਇੱਕ ਵਿਸ਼ਵਾਸੀ ਹੋ ਅਤੇ ਤੁਹਾਡੇ ਅਤੇ ਪਰਮੇਸ਼ੁਰ ਦੇ ਵਿੱਚਕਾਰ ਕੁਝ ਵੀ ਨਹੀਂ ਹੈ ਤਾਂ ਫਿਰ ਤੁਸੀਂ ਜੋ ਚਾਹੋ ਮੰਗ ਸਕਦੇ ਹੋ ਅਤੇ ਤੁਸੀਂ ਜਾਣਦੇ ਹੋ ਕਿ ਇਹ ਮਿਲ ਜਾਵੇਗਾ। ਕਿਓਂਕਿ ਇਹ ਵਚਨ ਹੈ ਜੋ ਤੁਹਾਨੂੰ ਦਿੱਤਾ ਗਿਆ ਹੈ ਉਸੇ ਤਰ੍ਹਾਂ ਜਿਵੇਂ ਚੇਲਿਆਂ ਨੂੰ ਦਿੱਤਾ ਗਿਆ ਸੀ।

68 ਹੁਣ, ਫਿਰ ਤੁਹਾਨੂੰ ਇਹ ਹੀ ਕਰਨਾ ਹੈ ਕਿ ਤੁਸੀਂ ਉਸ ਵਿੱਚ ਵਿਸ਼ਵਾਸ ਕਰੋ ਜੋ ਤੁਸੀਂ ਹੋ। ਉਸ ਵਿੱਚ ਵਿਸ਼ਵਾਸ ਕਰੋ ਜੋ ਵਚਨ ਤੁਹਾਡੇ ਬਾਰੇ ਕਹਿੰਦਾ ਹੈ! ਅਤੇ ਯਿਸੂ ਨੂੰ ਪਰਮੇਸ਼ੁਰ ਦੇ ਵਚਨ ਉੱਤੇ ਵਿਸ਼ਵਾਸ ਸੀ, ਵਚਨ ਨੇ ਦੱਸਿਆ ਉਹ ਕੌਣ ਸੀ, "ਇਹ ਮੇਰੇ ਬਾਰੇ ਲਿਖਿਆ ਹੋਇਆ ਹੈ"। ਕੀ ਦਾਊਦ ਨੇ ਆਪਣੇ ਭਜਨਾਂ ਵਿੱਚ ਅਤੇ ਉਹਨਾਂ ਸਾਰੇ ਨਬੀਆਂ ਨੇ ਉਸ ਬਾਰੇ ਨਹੀਂ ਬੋਲਿਆ? "ਮੈਂ ਜੀਵਨ ਦੀ ਰੋਟੀ ਹਾਂ ਜੋ ਸਵਰਗ ਤੋਂ ਪਰਮੇਸ਼ੁਰ ਨੇ ਭੇਜੀ ਹੈ"। ਆਮੀਨ! "ਮੈਂ ਅਦਨ ਦੇ ਬਾਗ ਵਾਲਾ ਜੀਵਨ ਦਾ ਬਿਰਛ ਹਾਂ। ਮੈਂ ਸਭ ਕੁਝ ਹਾਂ, ਮੈਂ ਹਾਂ ਜੋ ਮੈਂ ਹਾਂ"। ਅਤੇ ਉਹ ਉਸ ਸਿੱਧ ਵਿਸ਼ਵਾਸ ਦੁਆਰਾ ਜਾਣਦਾ ਸੀ ਕਿ ਉਹ ਮਸੀਹਾ ਹੈ ਅਤੇ ਪਰਮੇਸ਼ੁਰ ਦਾ ਆਤਮਾ ਉਸ ਉੱਤੇ ਸੀ। ਉਸਨੇ ਆਖਿਆ, "ਹੁਣ, ਮੈਂ ਆਪਣੇ ਆਪ ਵਿੱਚ ਕੁਝ ਨਹੀਂ ਕਰਦਾ ਪਰ ਇਹ ਮੇਰਾ ਪਰਮੇਸ਼ੁਰ ਵਿੱਚ ਵਿਸ਼ਵਾਸ ਹੈ ਜੋ ਇਹ ਕਰਦਾ ਹੈ"। ਅਤੇ ਪਰਮੇਸ਼ੁਰ ਉਸ ਵਿੱਚ ਸੀ, ਵਚਨ ਪ੍ਰਗਟ ਹੋਇਆ ਸੀ। ਅਤੇ ਜਦੋਂ ਪਰਮੇਸ਼ੁਰ ਦਾ ਵਚਨ ਤੁਹਾਡੇ ਅੰਦਰ ਆਉਂਦਾ ਹੈ ਤਾਂ ਇਹ ਪ੍ਰਗਟ ਹੁੰਦਾ ਹੈ ਕਿਓਂਕਿ ਤੁਸੀਂ ਇੱਕ ਵਿਸ਼ਵਾਸੀ ਹੋ। ਸਮਝੇ? ਅਤੇ ਵਿਸ਼ਵਾਸੀ ਦਾ ਅਰਥ ਹੈ ਕਿ "ਪਰਮੇਸ਼ੁਰ ਦਾ ਵਿਸ਼ਵਾਸ ਤੁਹਾਡੇ ਅੰਦਰ ਕੰਮ ਕਰਦਾ ਹੈ"।

69 ਤੁਹਾਨੂੰ ਇਹ ਪਸੰਦ ਹੈ? ਮੈਂ–ਮੈਂ–ਮੈਂ ਪਸੰਦ ਕਰਦਾ ਹਨ ਜਦ ਤੁਸੀਂ…ਮੈਨੂੰ ਇਹ ਦੱਸਣਾ ਚੰਗਾ ਲਗਦਾ ਹੈ ਜਿਥੇ…ਕਿਵੇਂ…ਵਿਸ਼ਵਾਸ ਅਸਲ ਵਿੱਚ ਕੀ ਹੈ।

70 ਉਹ ਜਾਣਦਾ ਸੀ ਕਿ ਉਹ ਕੌਣ ਸੀ, ਉਹ ਬਿਨਾ ਕਿਸੇ ਸ਼ਕ ਦੇ ਜਾਣਦਾ ਸੀ ਕਿ ਉਹ ਪਰਮੇਸ਼ੁਰ ਦਾ ਪੁੱਤ੍ਰ ਸੀ। ਉਹ ਇਹ ਜਾਣਦਾ ਸੀ ਕਿਓਂਕਿ ਵਚਨ ਇਸ ਗਲ ਨੂੰ ਸਾਬਤ ਕਰਦਾ ਸੀ। ਪਰਮੇਸ਼ੁਰ ਦਾ ਵਚਨ ਉਸ ਦੀ ਪਛਾਣ ਕਰਾਉਂਦਾ ਸੀ ਕਿ ਉਹ ਕੌਣ ਸੀ। ਉਸਨੇ ਆਖਿਆ, "ਜੇਕਰ ਮੈਂ ਆਪਣੇ ਪਿਤਾ ਦੇ ਕੰਮਾਂ ਨੂੰ ਨਹੀਂ ਕਰਦਾ ਤਾਂ ਫਿਰ ਮੇਰਾ ਵਿਸ਼ਵਾਸ ਨਾ ਕਰੋ;ਪਰ ਜੇਕਰ–ਜੇਕਰ ਮੈਂ ਉਹ ਕੰਮ ਨਹੀਂ ਕਰਦਾ ਤਾਂ ਮੇਰੇ ਉੱਤੇ ਵਿਸ਼ਵਾਸ ਨਾ ਕਰੋ। ਪਰ ਜੇਕਰ ਮੈਂ ਕਰਦਾ ਹਾਂ ਤਾਂ ਮੇਰੇ ਕੰਮਾਂ ਤੇ ਵਿਸ਼ਵਾਸ ਕਰੋ ਕਿਓਂਕਿ ਜੋ ਕੰਮ ਮੈਂ ਕਰ ਰਿਹਾ ਹਾਂ ਉਹ ਵਾਅਦਾ ਕੀਤੇ ਹੋਏ ਵਚਨ ਦਾ ਪ੍ਰਗਟਾਵਾ ਹਨ"। ਔਹ ਜੇਕਰ ਤੁਸੀਂ ਇੱਕ ਮਿੰਟ ਲਈ ਉਸ ਲਈ ਜਾਗ ਸਕਦੇ! ਤੁਸੀਂ ਵੇਖਦੇ ਕਿ ਵਚਨ ਆਪ ਹੀ ਉਸਦੀ ਪਛਾਣ ਕਰ ਰਿਹਾ ਸੀ ਕਿ ਉਹ ਕੌਣ ਸੀ। ਅਤੇ ਉਸਨੇ ਆਖਿਆ, "ਕੌਣ ਮੇਰੇ ਉੱਤੇ ਪਾਪ ਦਾ ਦੋਸ਼ ਲਗਾ ਸਕਦਾ ਹੈ?" ਦੂਸਰੇ ਸ਼ਬਦਾਂ ਵਿੱਚ, "ਕੌਣ ਮੈਨੂੰ ਇਹ ਦੱਸ ਸਕਦਾ ਹੈ ਕਿ ਮੇਰਾ ਜੀਵਨ ਅਤੇ ਕੰਮ ਉਸ ਤਰ੍ਹਾਂ ਨਹੀਂ ਹਨ ਜਿਵੇਂ ਮਸੀਹਾ ਨੇ ਕਰਨੇ ਸਨ?" ਕੋਈ ਕੁਝ ਨਹੀਂ ਕਹਿ ਸਕਦਾ ਸੀ ਕਿਓਂਕਿ ਉਹ ਮਸੀਹਾ ਸੀ। ਉਸ ਕੋਲ ਵਿਸ਼ਵਾਸ ਸੀ ਕਿ ਉਹ ਜੋ ਵੀ ਕਹੇਗਾ ਉਹ ਹੋ ਜਾਵੇਗਾ।

71 ਫਿਰ ਉਹ ਮੁੜਿਆ ਅਤੇ ਕਿਹਾ, "ਜੋ ਕੰਮ ਮੈਂ ਕਰਦਾ ਹਾਂ ਉਹ ਤੁਸੀਂ ਵੀ ਕਰੋਗੇ। ਥੋੜ੍ਹੇ ਚਿਰ ਪਿਛੋਂ ਜਗਤ ਮੈਨੂੰ ਫੇਰ ਨਾ ਵੇਖੇਗਾ ਪਰ ਤੁਸੀਂ ਮੈਨੂੰ ਵੇਖੋਗੇ ਕਿਓਂਕਿ ਮੈਂ ਤੁਹਾਡੇ ਨਾਲ ਹੋਵਾਂਗਾ ਬਲਕਿ ਤੁਹਾਡੇ ਵਿੱਚ ਹੋਵਾਂਗਾ। ਕੁਝ ਨਾ ਸੋਚਣਾ ਕਿ ਤੁਸੀਂ ਕੀ ਕਹੋਗੇ ਕਿਓਂਕਿ ਇਹ

ਤੁਸੀਂ ਨਹੀਂ ਜੋ ਬੋਲਦੇ ਹੋ ਪਰ ਇਹ ਤੁਹਾਡਾ ਪਿਤਾ ਹੈ ਜੋ ਤੁਹਾਡੇ ਵਿੱਚ ਰਹਿੰਦਾ ਹੈ; ਉਹ ਹੀ ਹੈ ਜੋ ਬੋਲਦਾ ਹੈ । ਅਤੇ ਇਹ ਮੈਂ ਨਹੀਂ ਹਾਂ, ਇਹ ਤਾਂ ਮੇਰਾ ਪਿਤਾ ਹੈ ਜੋ ਮੇਰੇ ਵਿੱਚ ਰਹਿੰਦਾ ਹੈ, ਉਹ ਹੀ ਸਾਰੇ ਕੰਮ ਕਰਦਾ ਹੈ" । ਸਮਝੇ ਮੇਰਾ ਕੀ ਮਤਲਬ ਹੈ?

72 ਹੁਣ, ਵਚਨ ਦੇ ਅਨੁਸਾਰ ਇੱਕ ਮਸੀਹੀ ਦੀ ਪਛਾਣ ਮਸੀਹ ਦੁਆਰਾ ਕਹੇ ਇਹਨਾਂ ਵਚਨਾਂ ਤੋਂ ਹੁੰਦੀ ਹੈ: "ਨਿਹਚਾ ਕਰਨ ਵਾਲਿਆਂ ਦੇ ਨਾਲ ਇਹ ਨਿਸ਼ਾਨ ਹੋਣਗੇ" । ਹੁਣ ਤੁਸੀਂ ਇਹਨਾਂ ਵਚਨਾਂ ਦਾ ਇਨਕਾਰ ਕਰਕੇ ਆਪਣੇ ਆਪ ਨੂੰ ਮਸੀਹੀ ਕਿਵੇਂ ਕਹਿ ਸਕਦੇ ਹੋ? ਇਹਨਾਂ ਵਚਨਾਂ ਵਿਚੋਂ ਕਿਸੇ ਇੱਕ ਦਾ ਵੀ ਇਨਕਾਰ ਕਰਕੇ ਤੁਸੀਂ ਆਪਣੇ ਆਪ ਨੂੰ ਇੱਕ ਮਸੀਹੀ ਕਿਵੇਂ ਕਹਿ ਸਕਦੇ ਹੋ? ਸਮਝੇ? ਤੁਸੀਂ ਇਹ ਨਹੀਂ ਕਰ ਸਕਦੇ । ਤੁਸੀਂ ਇੱਕ ਵਿਸ਼ਵਾਸੀ ਨਹੀਂ ਹੋ ਇਸ ਲਈ ਤੁਹਾਡੇ ਨਾਲ ਨਿਸ਼ਾਨ ਨਹੀਂ ਹਨ ਕਿਉਂਕਿ ਤੁਸੀਂ ਉਹ ਹੀ ਵਿਸ਼ਵਾਸ ਕਰਦੇ ਹੋ ਜੋ ਤੁਸੀਂ ਕਰਨਾ ਚਾਹੁੰਦੇ ਹੋ ਅਤੇ ਬਾਕੀ ਛੱਡ ਦਿੰਦੇ ਹੋ...ਤੁਸੀਂ ਇਸ ਉੱਤੇ ਵਿਸ਼ਵਾਸ ਨਹੀਂ ਕਰਦੇ । ਪਰ ਤੁਹਾਨੂੰ ਪੂਰਾ ਵਚਨ ਲੈਣਾ ਪਵੇਗਾ ਅਤੇ ਵਿਸ਼ਵਾਸ ਕਰਨਾ ਪਵੇਗਾ । ਅਤੇ ਜਦੋਂ ਤੁਸੀਂ ਸੱਚਮੁੱਚ ਵਿਸ਼ਵਾਸ ਕਰਦੇ ਹੋ (ਵਿਸ਼ਵਾਸ ਦਾ ਢੋਂਗ ਨਹੀਂ ਕਰਦੇ ਪਰ ਅਸਲ ਵਿੱਚ ਵਿਸ਼ਵਾਸ ਕਰਦੇ ਹੋ) ਤਦ ਨਿਹਚਾ ਕਰਨ ਵਾਲਿਆਂ ਦੇ ਨਾਲ ਇਹ ਨਿਸ਼ਾਨ ਹੋਣਗੇ ।

73 ਔਹ, ਕੀ ਤੁਸੀਂ ਅੱਜ ਦੇ ਇੱਕ ਮਸੀਹੀ ਦੀ ਤੁਲਨਾ ਉਸ ਪੁਰਾਣੇ ਸਮੇਂ ਦੇ ਮਸੀਹੀ ਲੋਕਾਂ ਨਾਲ ਕਰ ਸਕਦੇ ਹੋ? ਕਿਵੇਂ ਉਹ ਚੇਲੇ ਪਵਿੱਤਰ ਆਤਮਾ ਦੀ ਸਮਰਥ ਵਿੱਚ ਚਲਦੇ ਸੀ, ਉਹ ਕਿਵੇਂ ਪਵਿੱਤਰ ਆਤਮਾ ਦੇ ਚਲਾਏ ਚਲਦੇ ਸੀ । ਜਿਵੇਂ ਮੈਂ ਕਿਸੇ ਹੋਰ ਰਾਤ ਪ੍ਰਚਾਰ ਕੀਤਾ ਸੀ, ਸਿਰਫ ਇੱਕ ਕੈਦੀ, ਉਹ ਪਰਮੇਸ਼ੁਰ ਦੀ ਮਰਜੀ ਅਤੇ ਵਚਨ ਦੇ ਕੈਦੀ ਸਨ । ਉਹ ਤਦ ਤੱਕ ਹਿਲਦੇ ਵੀ ਨਹੀਂ ਸਨ ਜਦ ਤੱਕ ਪਰਮੇਸ਼ੁਰ ਉਹਨਾਂ ਨੂੰ ਨਹੀਂ ਸੀ ਹਿਲਾਉਂਦਾ । ਕੀ ਤੁਸੀਂ ਉਸ ਤਰ੍ਹਾਂ ਦੀ ਕਲੀਸਿਯਾ ਨੂੰ ਖੜ੍ਹੇ ਹੁੰਦੇ ਵੇਖਣਾ ਪਸੰਦ ਨਹੀਂ ਕਰੋਗੇ? ਇਹ ਉਸੇ ਤਰ੍ਹਾਂ ਹੋਣ ਜਾ ਰਿਹਾ ਹੈ ਜਿਵੇਂ ਉਸ ਸਮੇਂ ਵਿੱਚ ਸੀ । ਇਹ–ਇਹ ਹੋਣਾ ਹੀ ਹੈ । ਇਹ ਠੀਕ ਹੈ । ਇਹ ਹੋ-... ਮੈਂ ਵਿਸ਼ਵਾਸ ਕਰਦਾ ਹਾਂ ਕਿ ਇਹ ਹੋਣ ਵਾਲਾ ਹੈ ।

74 ਕਿਉਂਕਿ ਵਚਨ ਨੇ ਆਪ ਹੀ ਆਪਣੀ ਪਛਾਣ ਕਰਾਈ ਕਿ ਉਹ ਕੌਣ ਸੀ ਅਤੇ ਉਹੀ ਵਚਨ ਸਾਡੀ ਪਛਾਣ ਦੱਸਦਾ ਹੈ । ਸਮਝੇ? "ਜੇਕਰ ਇੱਕ ਮਨੁੱਖ ਮੈਨੂੰ ਪਿਆਰ ਕਰਦਾ ਹੈ ਤਾਂ ਉਹ ਮੇਰੇ ਹੁਕਮਾਂ ਨੂੰ ਮੰਨਦਾ ਹੈ । ਅਤੇ ਜੇਕਰ ਉਹ ਕਹਿੰਦਾ ਹੈ ਕਿ ਉਹ ਮੈਨੂੰ ਪਿਆਰ ਕਰਦਾ ਹੈ ਅਤੇ ਮੇਰੇ ਹੁਕਮਾਂ ਨੂੰ ਨਹੀਂ ਮੰਨਦਾ (ਸਾਰੇ ਹੁਕਮਾਂ ਨੂੰ) ਨਹੀਂ ਮੰਨਦਾ ਤਾਂ ਉਹ ਝੂਠਾ ਹੈ ਅਤੇ ਸੱਚਾਈ ਉਸਦੇ ਵਿੱਚ ਹੈ ਹੀ ਨਹੀਂ" ।

75 ਤੁਸੀਂ ਆਖਦੇ ਹੋ, "ਖੈਰ, ਮੈਂ ਸਾਰੇ ਵਚਨ ਤੇ ਵਿਸ਼ਵਾਸ ਨਹੀਂ ਕਰਦਾ..." ਠੀਕ ਹੈ ਫਿਰ... ਤੁਸੀਂ ਬੱਸ ਇੱਕ ਅਵਿਸ਼ਵਾਸੀ ਹੋ, ਇਹ ਹੀ ਸਭ ਹੈ । ਜੇਕਰ ਬਾਈਬਲ ਨੇ ਅਜਿਹਾ ਕਿਹਾ ਹੈ ਤਾਂ ਇਹ ਠੀਕ ਹੈ, ਇਹ ਹਮੇਸ਼ਾ ਦੇ ਲਈ ਮਾਮਲਾ ਖਤਮ ਕਰ ਦਿੰਦਾ ਹੈ । ਜੋ ਬਾਈਬਲ ਨੇ ਕਿਹਾ ਹੈ ਉਹ ਸੱਚ ਹੈ ।

76 ਧਿਆਨ ਦਿਓ ਜਦੋਂ ਉਸਨੇ ਸਾਨੂੰ ਕਿਹਾ, "ਜੇਕਰ ਤੁਸੀਂ ਮੇਰੇ ਵਿੱਚ ਰਹੋ ਅਤੇ ਮੇਰਾ ਵਚਨ ਤੁਹਾਡੇ ਵਿੱਚ ਰਹੇ", ਸੰਤ ਯੂਹੰਨਾ 15, "ਜੇਕਰ ਤੁਸੀਂ ਮੇਰੇ ਵਿੱਚ ਰਹੋ,..."ਵੇਖਿਆ, ਉਸ ਵਿੱਚ ਵਿਸ਼ਵਾਸ ਰਖੋ । "ਜੇਕਰ ਤੁਸੀਂ ਮੇਰੇ ਵਿੱਚ ਰਹੋ ਅਤੇ ਮੇਰਾ ਵਚਨ ਤੁਹਾਡੇ ਵਿੱਚ ਰਹੇ ਤਾਂ ਫਿਰ *ਤੁਸੀਂ* ਜੋ ਵੀ ਚਾਹੋ ਮੰਗ ਸਕਦੇ ਹੋ" ।

77 ਹੁਣ, ਵੇਖੋ, ਉਹ ਜਾਣਦਾ ਸੀ ਕਿ ਉਹ ਕੌਣ ਸੀ ਇਸ ਲਈ ਉਸ ਕੋਲ ਵਿਸ਼ਵਾਸ ਸੀ । ਵਿਸ਼ਵਾਸ ਤਦ ਹੀ ਆਇਆ ਜਦ ਉਹ ਜਾਣਦਾ ਸੀ ਕਿ ਉਹ ਕੌਣ ਸੀ । ਹੁਣ, "ਜੇਕਰ ਤੁਸੀਂ ਮੇਰੇ ਵਿੱਚ ਰਹੋ ਅਤੇ ਮੇਰਾ ਵਚਨ ਤੁਹਾਡੇ ਵਿੱਚ ਰਹੇ," ਤੱਦ ਤੁਸੀਂ ਜਾਣੋਗੇ ਕਿ ਤੁਸੀਂ ਕੌਣ ਹੋ । "ਜੋ ਚਾਹੋ ਮੰਗੋ, ਇਹ ਤੁਹਾਨੂੰ ਦਿੱਤਾ ਜਾਵੇਗਾ" ।

78 ਇਹ ਕਿੰਨਾ ਅਦਭੁਤ ਹੋਵੇਗਾ ਜੇਕਰ ਅੱਜ ਰਾਤ ਹਰ ਇੱਕ ਵਿਅਕਤੀ ਪ੍ਰਾਰਥਨਾ ਦੀ ਕਤਾਰ ਵਿੱਚ ਆਵੇ ਅਤੇ ਕਹੇ, "ਮੈਂ ਇੱਕ ਮਸੀਹੀ ਹਾਂ । ਮੇਰੇ ਉੱਤੇ ਕੋਈ ਸਜ਼ਾ ਦਾ ਹੁਕਮ ਨਹੀਂ ਹੈ । ਮੈਂ–ਮੈਂ ਜਾਣਦਾ ਹਾਂ ਕਿ ਮੇਰਾ ਮਨ ਮੇਰੇ ਉੱਤੇ ਦੋਸ਼ ਨਹੀਂ ਲਾਉਂਦਾ । ਕੋਈ ਚੀਜ ਮੈਨੂੰ ਦੱਸ ਰਹੀ ਹੈ ਕਿ ਅੱਜ ਰਾਤ ਮੇਰੇ ਦੁੱਖਾਂ ਦਾ ਅੰਤ ਹੋ ਜਾਵੇਗਾ"? ਤੁਸੀਂ ਇਹ ਹੀ ਕਰਨ ਜਾ ਰਹੇ ਹੋ । ਤੁਸੀਂ ਇਥੋਂ ਕੁਝ ਲੈ ਕੇ ਜਾਵੋਗੇ । ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਤੁਸੀਂ ਕਿੰਨਾ ਭਾਵੁਕ ਹੋ ਕੇ ਆਉਂਦੇ ਹੋ ਜਾਂ ਕਿੰਨਾ ਜਿਆਦਾ ਇਹ ਕਰਦੇ ਹੋ, ਇਹ ਕੰਮ ਨਹੀਂ ਕਰੇਗਾ ਜੱਦ ਤੱਕ ਸਿੱਧ ਵਿਸ਼ਵਾਸ ਇੱਕ ਪਦਾਰਥ ਦੀ ਤਰ੍ਹਾਂ ਤੁਹਾਡੇ ਅੰਦਰ ਪ੍ਰਗਟ ਨਹੀਂ ਹੁੰਦਾ ਅਤੇ ਆਪਣੀ ਪਛਾਣ ਨਹੀਂ ਕਰਾਉਂਦਾ । ਅਤੇ ਜਦੋਂ ਇਹ ਤੁਹਾਡੇ ਅੰਦਰ ਆ ਜਾਂਦਾ ਹੈ ਤਾਂ ਤੁਹਾਨੂੰ ਇਸ ਤੋਂ ਕੋਈ ਵੀ ਹਿਲਾ ਨਹੀਂ ਸਕੇਗਾ ।

79 ਜੇਕਰ–ਜੇਕਰ ਤੁਹਾਨੂੰ ਕੈਂਸਰ ਹੁੰਦਾ ਅਤੇ ਡਾਕਟਰ ਨੇ ਤੁਹਾਨੂੰ ਕੱਲ੍ਹ ਹੀ ਕਿਹਾ ਹੁੰਦਾ ਕਿ ਤੁਸੀਂ ਸੋਮਵਾਰ ਸਵੇਰ ਹੋਣ ਤੋਂ ਪਹਿਲਾਂ ਮਰ ਜਾਵੋਗੇ, (ਤੁਹਾਡਾ ਸਾਰਾ ਦਿਲ, ਤੁਹਾਡੀ ਸ਼ਾਹ ਦੀ ਪੂਰੀ ਵਿਵਸਥਾ ਨਸ਼ਟ ਹੋ ਗਈ ਹੁੰਦੀ, ਕੈਂਸਰ ਨੇ ਤੁਹਾਨੂੰ ਖਾ ਲਿਆ ਹੁੰਦਾ, ਤੁਹਾਡਾ ਪੂਰਾ ਖ਼ੂਨ ਦਾ ਸੰਚਾਰ ਕੈਂਸਰ ਬਣ ਗਿਆ ਹੁੰਦਾ, ਇਹ ਜੋ ਵੀ ਹੈ); ਅਤੇ ਕੋਈ ਤੁਹਾਡੇ ਕੋਲ ਸਚੇ ਵਿਸ਼ਵਾਸ ਦਾ ਪਦਾਰਥ ਲੈ ਕੇ ਆਉਂਦਾ ਹੈ ਅਤੇ ਸਿੱਧ ਵਿਸ਼ਵਾਸ ਤੁਹਾਡੇ ਵਿੱਚ ਇੱਕ ਪਦਾਰਥ ਬਣਦਾ ਹੈ ਤਾਂ ਤੁਸੀਂ ਡਾਕਟਰ ਦੇ ਮੂੰਹ ਤੇ ਹੱਸੋਗੇ ।

80 ਤੁਸੀਂ ਏਲੀਆ ਦੀ ਤਰ੍ਹਾਂ ਹੋਵੋਗੇ ਜਦੋਂ ਉਸਨੇ ਮੂਰਤੀ ਦਾ ਮਜਾਕ ਉਡਾ ਕੇ ਕਿਹਾ, "ਕੀ ਤੁਸੀਂ ਥੋੜ੍ਹਾ ਹੋਰ ਜੋਰ ਨਾਲ ਨਹੀਂ ਪੁਕਾਰ ਸਕਦੇ? ਹੋ ਸਕਦਾ ਹੈ ਕਿ ਉਹ ਕਿਤੇ ਲੰਮੇ ਸਫਰ ਤੇ ਗਿਆ ਹੋਵੇ" । ਉਹ ਜਾਣਦਾ ਸੀ ਕਿ ਉਸ ਨੂੰ ਕੀ ਕਰਨਾ ਹੈ ਕਿਉਂਕਿ ਪਰਮੇਸ਼ੁਰ ਨੇ ਉਸ ਨੂੰ ਦੱਸਿਆ ਸੀ ਕਿ ਕੀ ਹੋਣ ਵਾਲਾ ਹੈ । ਉਸਨੇ ਕਿਹਾ, "ਜਿਹੜਾ ਪਰਮੇਸ਼ੁਰ ਅੱਗ ਨਾਲ ਉੱਤਰ ਦੇਵੇ ਉਹ ਹੀ ਪਰਮੇਸ਼ੁਰ ਹੋਵੇ" ।

81 ਉਹਨਾਂ ਕਿਹਾ, "ਅਸੀਂ ਇਸ ਪ੍ਰਸਤਾਵ ਨੂੰ ਸਵੀਕਾਰ ਕਰਦੇ ਹਾਂ" । ਅਤੇ ਉਹਨਾਂ ਨੇ ਜਗਵੇਦੀਆਂ ਉੱਤੇ ਪਾਣੀ ਡੋਲ੍ਹ ਦਿੱਤਾ । ਅਤੇ ਉਹਨਾਂ ਆਪਣੇ ਆਪ ਨੂੰ ਜਖਮੀ ਕੀਤਾ ਅਤੇ ਸਭ ਕੁਝ ਕੀਤਾ ਅਤੇ ਪੁਕਾਰਿਆ, "ਹੇ ਬਆਲ! ਹੇ ਬਆਲ! ਉੱਤਰ ਦੇ!'

82 ਏਲੀਆ ਜਿੰਨਾ ਸ਼ਾਂਤ ਰਹਿ ਸਕਦਾ ਸੀ ਉਹ ਉਨਾਂ ਸ਼ਾਂਤ ਬਣਿਆ ਰਿਹਾ । ਉਸਨੇ ਕਿਹਾ, "ਥੋੜ੍ਹਾ ਹੋਰ ਜੋਰ ਨਾਲ ਪੁਕਾਰੋ, ਹੋ ਸਕਦਾ ਹੈ ਉਹ ਲੰਮੇ ਸਫਰ ਤੇ ਗਿਆ ਹੋਵੇ । ਹੋ ਸਕਦਾ ਹੈ ਉਹ ਮਛੀਆਂ ਫੜ੍ਹਨ ਗਿਆ ਹੋਵੇ । ਹੋ ਸਕਦਾ ਹੈ ਉਹ ਕੁਝ ਹੋਰ ਕਰ ਰਿਹਾ ਹੋਵੇ । ਤੁਸੀਂ ਵੇਖੋ ਉਹ ਕਿਤੇ ਬਾਹਰ ਨਾ ਗਿਆ ਹੋਵੇ" । ਉਹ ਬੱਸ...ਉਹਨਾਂ ਦਾ ਮਜਾਕ ਉਡਾ ਰਿਹਾ ਸੀ ਕਿਉਂਕਿ ਉਹ ਜਾਣਦਾ ਸੀ ਕਿ ਕੀ ਹੋਣ ਵਾਲਾ ਹੈ ।

83 ਔਹ, ਵੇਖੋ ਏਲੀਆ ਨੇ ਸਭ ਕੁਝ ਤਿਆਰ ਕਰ ਲਿਆ । ਉਹ ਵੇਦੀ ਕੋਲ ਗਿਆ ਅਤੇ ਕਿਹਾ, "ਅਬਰਾਹਾਮ, ਇਸਹਾਕ ਅਤੇ ਇਸਰਾਇਲ ਦੇ ਪਰਮੇਸ਼ੁਰ!" ਉਸ ਨੇ ਕਦੇ ਵੀ ਉਸ

ਨੂੰ *ਯਾਕੂਬ*, "ਧੋਖੇਬਾਜ" ਦੇ ਨਾਮ ਨਾਲ ਨਹੀਂ ਪੁਕਾਰਿਆ । ਉਸਨੇ ਉਸ ਨੂੰ *ਇਸਰਾਇਲ* "ਪਰਮੇਸ਼ੁਰ ਦਾ ਰਾਜਕੁਮਾਰ" ਕਿਹਾ ।

84 "ਅਬਰਾਹਾਮ, ਇਸਹਾਕ ਅਤੇ ਉਸ ਰਾਜਕੁਮਾਰ (ਯਾਕੂਬ) ਦੇ ਪਰਮੇਸ਼ੁਰ, ਅੱਜ ਇਹ ਮਲੂਮ ਹੋ ਜਾਵੇ ਕਿ ਮੈਂ ਤੇਰਾ ਦਾਸ ਹਾਂ; ਅਤੇ ਮੈਂ ਇਹ ਆਪਣੀ ਇੱਛਾ ਨਾਲ ਨਹੀਂ ਕੀਤਾ ਪਰ ਇਹ ਮੈਂ ਤੇਰੇ ਹੁਕਮ ਨਾਲ ਕੀਤਾ ਹੈ; ਇਹ ਤੇਰੀ ਇੱਛਾ ਹੈ, ਤੂੰ ਮੈਨੂੰ ਇਹ ਕਰਨ ਲਈ ਕਿਹਾ ਸੀ । ਤੂੰ ਹੀਂ ਮੈਨੂੰ ਵਿਖਾਇਆ ਸੀ ਕਿ ਇਥੇ ਇਹ ਸਭ ਹੋਵੇਗਾ । ਹੁਣ, ਮੈਂ ਜਗਵੇਦੀ ਉੱਤੇ ਪਾਣੀ ਡੋਹਲ ਦਿੱਤਾ ਹੈ । ਮੈਂ ਇਹ ਸਭ ਤੇਰੇ ਹੁਕਮ ਅਨੁਸਾਰ ਕਰ ਦਿੱਤਾ ਹੈ । ਹੁਣ, ਇਹ ਮਲੂਮ ਹੋ ਜਾਵੇ!" ਅਤੇ ਜਦੋਂ ਉਸਨੇ ਇਹ ਕਿਹਾ, ਆਕਾਸ਼ ਤੋਂ ਅੱਗ ਆਣ ਪਈ । ਉਸ ਨੂੰ ਪੂਰਾ ਭਰੋਸਾ ਸੀ ਕਿ ਅੱਗ ਆਵੇਗੀ ਕਿਓਂਕਿ ਉਸ ਕੋਲ ਉਹ ਵਿਸ਼ਵਾਸ ਸੀ । ਕਿਓਂ? ਵਚਨ ਨੇ ਇਹ ਕਿਹਾ ਸੀ ।

85 ਹੁਣ, ਇਹ ਬਾਈਬਲ ਉਹੀ ਪਰਮੇਸ਼ੁਰ ਦਾ ਵਚਨ ਹੈ । ਅਤੇ ਜਦੋਂ ਤੁਸੀਂ ਉਸ ਪਦਾਰਥ (ਸਿੱਧ ਵਿਸ਼ਵਾਸ) ਨੂੰ ਲੈ ਸਕਦੇ ਹੋ ਤਾਂ ਇਹ ਜੋ ਵਾਅਦਾ ਪਰਮੇਸ਼ੁਰ ਨੇ ਕੀਤਾ ਹੈ ਉਹ *ਤੁਹਾਡਾ* ਹੋ ਜਾਂਦਾ ਹੈ ।

86 "ਭਾਈ ਬ੍ਰਾਨਹਾਮ ਜਦੋਂ ਤੁਸੀਂ ਇਥੇ ਖੜ੍ਹੇ ਹੁੰਦੇ ਹੋ ਅਤੇ ਅਲਗ-ਅਲਗ ਭਾਸ਼ਾਵਾਂ ਵਾਲੇ ਲੋਕਾਂ ਨੂੰ ਆਉਂਦੇ ਵੇਖਦੇ ਹੋ ਤਾਂ ਤੁਸੀਂ ਕਿਵੇਂ ਮਹਿਸੂਸ ਕਰਦੇ ਹੋ? ਕੀ ਤੁਸੀਂ ਡਰੇ ਹੋਏ ਹੁੰਦੇ ਹੋ?" ਜੀ ਨਹੀਂ ਸ਼੍ਰੀਮਾਨ, ਬਿਲਕੁਲ ਨਹੀਂ । ਉਸਨੇ ਇੰਝ ਕਿਹਾ ਹੈ! ਮੈਂ ਕਦੇ ਨਹੀਂ ਡਰਿਆ ਕਿਓਂਕਿ ਉਸਨੇ ਮੈਨੂੰ ਇਹ ਕਿਹਾ ਸੀ ਅਤੇ ਮੈਂ ਵਿਸ਼ਵਾਸ ਕਰਦਾ ਹਾਂ ਕਿ ਇਹ ਸੱਚ ਹੈ ।

87 ਜੇਕਰ ਉਹ ਮੈਨੂੰ ਅੱਜ ਰਾਤ ਰਾਸ਼ਟਰਪਤੀ ਕਬਰਸ਼ਤਾਨ ਤੇ ਜਾਣ ਨੂੰ ਕਹੇ ਅਤੇ ਅਗਲੀ ਸਵੇਰ ਜਾਰਜ ਵਾਸ਼ਿੰਗਟਨ ਨੂੰ ਜਿਓਂਦਾ ਕਰਨ ਲਈ ਕਹੇ ਤਾਂ ਮੈਂ ਸਾਰੇ ਸੰਸਾਰ ਨੂੰ ਸੱਦਾ ਭੇਜਾਂਗਾ ਕਿ "ਆਓ ਇਸਨੂੰ ਹੁੰਦਿਆਂ ਹੋਇਆਂ ਵੇਖੋ" । ਮੈਂ ਆਖਾਂਗਾ, "ਹਰੇਕ ਨੂੰ ਲੈ ਕੇ ਆਓ...ਜਿੰਨੇ ਵੀ ਆਲੋਚਕ ਲਿਆ ਸਕਦੇ ਹੋ ਲਿਆਓ ਅਤੇ ਉਹਨਾਂ ਨੂੰ ਇਥੇ ਖੜ੍ਹੇ ਕਰੋ, ਤੁਸੀਂ ਪਰਮੇਸ਼ੁਰ ਦੀ ਮਹਿਮਾ ਨੂੰ ਵੇਖਣ ਜਾ ਰਹੇ ਹੋ । ਤੁਸੀਂ ਜਿਥੇ ਬੈਠਣਾ ਚਾਹੁੰਦੇ ਹੋ ਉਥੇ ਆਪਣੀ ਕੁਰਸੀ ਲਗਾ ਸਕਦੇ ਹੋ ਅਤੇ ਥੋੜ੍ਹੀ ਦੇਰ ਆਰਾਮ ਕਰੋ; ਜਿਵੇਂ ਹੀ ਮੈਂ ਉਸ ਨੂੰ ਪੁਕਾਰਾਂਗਾ ਉਹ ਛਿਣ ਭਰ ਵਿੱਚ ਹਾਜਰ ਹੋ ਜਾਵੇਗਾ ।

88 ਉਸ ਰਾਤ ਫ਼ਿਨਲੈਂਡ ਵਿੱਚ ਉਹ ਛੋਟਾ ਲੜਕਾ ਅਧੇ ਘੰਟੇ ਤੋ ਮਰਿਆ ਪਿਆ ਸੀ, ਇਹ ਦਿਨ ਨਹੀਂ ਪਰ ਰਾਤ ਦਾ ਸਮਾਂ ਸੀ । ਉਹ ਪੂਰੀ ਤਰ੍ਹਾ ਕੁਚਲਿਆ ਗਿਆ ਸੀ ਅਤੇ ਖ਼ੂਨ ਉਸਦੀਆਂ ਅੱਖਾਂ, ਨੱਕ ਅਤੇ ਕੰਨਾਂ ਵਿਚੋਂ ਵਹਿ ਰਿਹਾ ਸੀ; ਉਸਦੀਆਂ ਛੋਟੀਆਂ ਲੱਤਾਂ ਉਸਦੀਆਂ ਛੋਟੀਆਂ ਜੁਰਾਬਾਂ ਵਿੱਚ ਟੁਟੀਆਂ ਹੋਈਆਂ ਸਨ ਅਤੇ ਉਸਦੇ ਪੈਰ ਜੁਰਾਬਾਂ ਵਿਚੋਂ ਬਾਹਰ ਦਿੱਸ ਰਹੇ ਸਨ ਅਤੇ ਉਸਦੇ ਬੂਟ ਲਥੇ ਹੋਏ ਸਨ । ਮੈਂ ਵੇਖਿਆ ਅਤੇ ਸੋਚਿਆ, "ਇਹ ਉਹੀ ਲੜਕਾ ਹੋਣਾ ਚਾਹੀਦਾ ਹੈ" । ਮੈਂ ਆਖਿਆ, "ਭਾਈ ਮੂਰੇ, ਆਓ ਉਸ ਬਾਈਬਲ ਦੇ ਪਿਛਲੇ ਹਿੱਸੇ ਵਿੱਚ ਵੇਖੀਏ" ।

89 ਮੈਂ ਭਾਈ ਲਿੰਡਸੇ ਅਤੇ ਭਾਈ ਮੂਰ ਨੂੰ ਆਪਣੇ ਨਾਲ ਲਿਆ ਅਤੇ ਉਥੇ ਪਿਛੇ ਵੇਖਿਆ: "'ਅਤੇ ਇਹ ਇਹ ਹੋਵੇਗਾ,' ਯਹੋਵਾਹ ਇੰਝ ਫਰਮਾਉਂਦਾ ਹੈ," (ਔਹ ਮੇਰੇ!) "'ਉਥੇ ਇੱਕ ਜਗ੍ਹਾ ਤੇ ਬਹੁਤ ਸਾਰੀ ਹਰਿਆਲੀ ਹੋਵੇਗੀ ਅਤੇ ਪੱਥਰ ਇੱਕ ਦੂਸਰੇ ਨਾਲ ਜੁੜ੍ਹੇ ਹੋਣਗੇ । ਇੱਕ ਛੋਟਾ ਲੜਕਾ ਜਿਸਦੇ ਛੋਟੇ ਛੋਟੇ ਵਾਲ ਹੋਣਗੇ, ਉਸਨੇ ਨਿੱਕਰ ਪਹਿਨੀ ਹੋਵੇਗੀ ਅਤੇ ਉਸਦੇ

ਪੈਰਾਂ ਵਿੱਚ...ਜੁਰਾਬਾਂ ਉੱਪਰ ਤੱਕ ਹੋਣਗੀਆਂ । ਉਸਦੀਆਂ ਭੂਰੀਆਂ ਅੱਖਾਂ ਹੋਣਗੀਆਂ ਅਤੇ ਉਹ ਪਿਛਾਂਹ ਪਰਤੀਆਂ ਹੋਣਗੀਆਂ । ਉਹ ਮੋਟਰਗੱਡੀ ਦੁਰਘਟਨਾ ਵਿੱਚ ਮਾਰਿਆ ਜਾਵੇਗਾ । ਪਰ ਤੂੰ ਆਪਣੇ ਹੱਥ ਉਸ ਤੇ ਰਖੀਂ ਅਤੇ ਉਸਦਾ ਜੀਵਨ ਵਾਪਸ ਆ ਜਾਵੇਗਾ ।

90 ਇਹ ਉਥੇ ਲਿਖਿਆ ਹੋਇਆ ਸੀ । ਉਹ ਲੜਕਾ ਉਥੇ ਪਿਆ ਹੋਇਆ ਸੀ, ਆਮੀਨ ਅਤੇ ਅਸੀਂ ਵਚਨ ਦਾ ਇੰਤਜਾਰ ਕਰ ਰਹੇ ਸੀ । ਮੈਂ ਆਖਿਆ, "ਜੇਕਰ ਇਹ ਲੜਕਾ ਹੁਣ ਤੋਂ ਕੁਝ ਮਿੰਟਾ ਵਿੱਚ ਜਿਓਂਦਾ ਨਹੀਂ ਹੁੰਦਾ ਤਾਂ ਫਿਰ ਮੈਂ ਇੱਕ ਝੂਠਾ ਨਬੀ ਹੋਵਾਂਗਾ ਅਤੇ ਤੁਸੀਂ ਮੈਨੂੰ ਆਪਣੇ ਦੇਸ਼ ਫ਼ਿਨਲੈਂਡ ਵਿਚੋਂ ਬਾਹਰ ਕਢ ਦੇਣਾ । ਪਰ ਜੇਕਰ ਉਹ ਜਿਓਂਦਾ ਹੋ ਗਿਆ ਤਾਂ ਆਪਣੇ ਮੂੰਹ ਭਾਰ ਡਿੱਗ ਕੇ ਤੌਬਾ ਕਰੋ ।

91 ਮੈਂ ਆਖਿਆ, "ਮੌਤ, ਤੂੰ ਉਸ ਨੂੰ ਜਕੜ ਕੇ ਨਹੀਂ ਰਖ ਸਕਦੀ" । ਮੈਂ ਉਸਦੀ ਆਤਮਾ ਨੂੰ ਪਰਮੇਸ਼ੁਰ ਦੇ ਵਚਨ ਅਨੁਸਾਰ "ਯਿਸੂ ਮਸੀਹ ਦੇ ਨਾਮ ਵਿੱਚ" ਬੁਲਾਇਆ ਅਤੇ ਉਹ ਉੱਠ ਪਿਆ । ਇਹ ਸੱਚ ਹੈ! ਵੇਖਿਆ? ਔਹ ਮੇਰੇ! ਵੇਖੋ, ਵਿਸ਼ਵਾਸ ਨੇ ਇੱਕ ਪਕੜ ਬਣਾ ਲਈ । ਪਰਮੇਸ਼ੁਰ ਨੇ ਇਹ ਆਖਿਆ ਸੀ ਅਤੇ ਇਹ ਹੋ ਗਿਆ!

92 ਹੁਣ, ਪਰਮੇਸ਼ੁਰ ਇਹਨਾਂ ਦਿਨਾਂ ਵਿੱਚ ਦਰਸ਼ਨ ਦੁਆਰਾ ਬੋਲ ਰਿਹਾ ਹੈ । ਪਰ ਜੇਕਰ ਇਹ ਦਰਸ਼ਨ *ਇਸ* ਵਚਨ ਦੇ ਅਨੁਸਾਰ ਨਹੀਂ ਹੈ ਤਾਂ ਇਹ ਗਲਤ ਹੋਵੇਗਾ; *ਇਹ* ਵਚਨ ਦਰਸ਼ਨ ਤੋਂ ਵੱਡਾ ਹੈ । ਜੇਕਰ ਕੋਈ ਵੀ ਦਰਸ਼ਨ ਵਚਨ ਦੇ ਅਨੁਸਾਰ ਨਹੀਂ ਹੈ ਤਾਂ ਇਸਨੂੰ ਛੱਡ ਦੇਵੋ ਕਿਓਂਕਿ ਇਹ ਪਰਮੇਸ਼ੁਰ ਵਲੋਂ ਨਹੀਂ ਹੈ । ਪਰਮੇਸ਼ੁਰ ਆਪਣੇ ਵਚਨ ਦੇ ਉਲਟ ਕੰਮ ਨਹੀਂ ਕਰਦਾ ।

ਇਸ ਲਈ, ਜੇਕਰ ਵਚਨ ਨੇ ਤੁਹਾਡੇ ਨਾਲ ਕੋਈ ਵਾਅਦਾ ਕੀਤਾ ਹੈ ਤਾਂ ਫਿਰ ਤੁਹਾਡੇ ਕੋਲ ਵੀ ਅਜਿਹੀ ਦਲੇਰੀ ਹੋ ਸਕਦੀ ਹੈ ਕਿ ਇਹ ਹੋਵੇਗਾ । ਜੇਕਰ ਵਚਨ ਕਹਿੰਦਾ ਹੈ, "ਉਹ ਆਪਣੇ ਹੱਥ ਬਿਮਾਰਾਂ ਉੱਤੇ ਰਖਣਗੇ ਅਤੇ ਉਹ ਚੰਗੇ ਹੋ ਜਾਣਗੇ"; ਖੈਰ, ਜੇਕਰ ਉਹ ਸਿੱਧ ਵਿਸ਼ਵਾਸ ਇਸ ਵਚਨ ਉੱਤੇ ਪਕੜ ਬਣਾ ਲੈਂਦਾ ਹੈ, ਤਾਂ ਤੁਸੀਂ...ਜਦੋਂ ਤੁਸੀਂ ਪ੍ਰਾਰਥਨਾ ਦੀ ਕਤਾਰ ਵਿਚੋਂ ਦੀ ਜਾਵੋਗੇ ਤਾਂ ਤੁਸੀਂ ਉਛਲੋਗੇ ਅਤੇ ਪੁਕਾਰੋਗੇ ਜੱਦ ਤੱਕ ਤੁਸੀਂ...ਜਦ ਤੁਸੀਂ ਪ੍ਰਾਥਨਾ ਦੀ ਕਤਾਰ ਵਿਚੋਂ ਜਾਵੋਗੇ ਤਾਂ, "ਇਹ ਖਤਮ ਹੋ ਜਾਵੇਗਾ!" ਇਹ ਖਤਮ ਹੋ ਜਾਵੇਗਾ! ਇਹ ਪੂਰੀ ਤਰ੍ਹਾਂ ਖਤਮ ਹੋ ਜਾਵੇਗਾ! ਜੇਕਰ ਤੁਹਾਡੇ ਹਿਰਦੇ ਵਿੱਚ ਕੋਈ ਬੇਨਤੀ ਸੀ ਅਤੇ ਜਦੋਂ ਪ੍ਰਾਰਥਨਾ ਕੀਤੀ ਤਾਂ ਤੁਸੀਂ ਵਿਸ਼ਵਾਸ ਕੀਤਾ ਕਿ ਉਸ ਪ੍ਰਾਰਥਨਾ ਦਾ ਜਵਾਬ ਮਿਲ ਗਿਆ ਹੈ ਤਾਂ ਫਿਰ ਤੁਸੀਂ ਕੋਈ ਹੋਰ ਗਲ ਨਹੀਂ ਕਰਦੇ ਕਿਓਂਕਿ ਇਹ ਹੋਣ ਜਾ ਰਿਹਾ ਹੈ; ਉਸ ਔਰਤ ਦੀ ਤਰ੍ਹਾਂ ਜਿਸ ਨੂੰ ਲਹੂ ਵਹਿਣ ਦੀ ਬਿਮਾਰੀ ਸੀ ।

93 ਯਿਸੂ ਕੋਲ ਸਿੱਧ ਵਿਸ਼ਵਾਸ ਸੀ । ਉਸ ਕੋਲ ਇਹ ਸੀ ਅਤੇ ਇਹ ਇਸ ਲਈ ਸੀ ਕਿਓਂਕਿ ਉਹ ਵਚਨ ਸੀ । ਅਤੇ ਤੁਸੀਂ ਵਚਨ ਬਣਦੇ ਹੋ; ਤੁਸੀਂ ਵਚਨ ਬਣਦੇ ਹੋ ਜਦੋਂ ਤੁਸੀਂ ਵਚਨ ਨੂੰ ਸਵੀਕਾਰ ਕਰਦੇ ਹੋ । "ਜੇਕਰ ਤੁਸੀਂ ਮੇਰੇ ਵਿੱਚ ਰਹੋ ਅਤੇ ਮੇਰਾ ਵਚਨ ਤੁਹਾਡੇ ਵਿੱਚ ਰਹੇ । ਮੇਰਾ ਕਿਹੜਾ ਵਚਨ..." (*ਇਹ ਵਚਨ*) "ਤੁਹਾਡੇ ਵਿੱਚ ਰਹੇ ਤਾਂ ਫਿਰ ਤੁਸੀਂ ਜੋ ਚਾਹੋ ਮੰਗੋ ਅਤੇ ਇਹ ਤੁਹਾਨੂੰ ਦਿੱਤਾ ਜਾਵੇਗਾ" । ਵੇਖਿਆ? "ਜੇਕਰ ਤੁਸੀਂ ਇਸ ਪਹਾੜ ਨੂੰ ਕਹੋ, 'ਉਖੜ ਜਾ' ਅਤੇ ਭਰਮ ਨਾ ਕਰੋ, ਪਰ ਜੋ ਤੁਸੀਂ ਆਖਿਆ ਉਸ ਉੱਤੇ ਵਿਸ਼ਵਾਸ ਕਰੋ ਫਿਰ ਤੁਸੀਂ ਜੋ ਕਹੋਗੇ ਉਹ ਹੋ ਜਾਵੇਗਾ । ਜਦੋਂ ਤੁਸੀਂ ਪ੍ਰਾਰਥਨਾ ਕਰਕੇ ਕੁਝ ਮੰਗਦੇ ਹੋ ਤਾਂ ਵਿਸ਼ਵਾਸ ਕਰੋ ਕਿ ਜੋ ਮੰਗਿਆ ਹੈ ਉਹ ਤੁਹਾਨੂੰ ਮਿਲ ਗਿਆ ਹੈ ਅਤੇ ਇਹ ਤੁਹਾਡੇ ਕੋਲ ਹੋਵੇਗਾ; ਇਹ ਤੁਹਾਨੂੰ ਦੇ

ਦਿੱਤਾ ਜਾਵੇਗਾ" । ਸਮਾਂ, ਸਥਾਨ ਜਾਂ ਹੋਰ ਕੋਈ ਵੀ ਚੀਜ ਕਦੇ ਵੀ ਇਸ ਨੂੰ ਬਦਲ ਨਹੀਂ ਸਕਦੇ । ਤੁਸੀਂ ਜਾਣਦੇ ਹੋ ਕਿ ਇਹ ਹੋ ਗਿਆ ਹੈ । ਇਹ ਪਹਿਲਾਂ ਹੀ ਹੋ ਗਿਆ ਹੈ ।

94 ਹੁਣ ਧਿਆਨ ਦਿਓ! ਸੰਤ ਯੂਹੰਨਾ ਵਿੱਚ ਉਸਨੇ ਸਾਨੂੰ ਕਿਹਾ, "ਜੇਕਰ ਤੁਸੀਂ ਮੇਰੇ ਵਿੱਚ ਰਹੋ ਅਤੇ ਮੇਰੇ ਵਚਨ ਤੁਹਾਡੇ ਵਿੱਚ ਰਹਿਣ ਤਾਂ ਤੁਸੀਂ ਜੋ ਵੀ ਚਾਹੋ ਮੰਗੋ, ਇਹ ਹੋ ਜਾਵੇਗਾ" । ਤਾਂ ਫਿਰ ਲਿਖਤਾਂ ਵਿੱਚ ਆਪਣੀ ਜਗ੍ਹਾ ਨੂੰ ਪਛਾਣੋ ਕਿ ਤੁਸੀਂ ਇੱਕ ਵਿਸ਼ਵਾਸੀ ਹੋ । ਵੇਖੋ, ਤੁਹਾਨੂੰ ਆਪਣੀ ਜਗ੍ਹਾ ਦੀ ਪਛਾਣ ਕਰਨੀ ਪਵੇਗੀ ਜਿਵੇਂ ਯਿਸੂ ਨੇ ਆਪਣੀ ਜਗ੍ਹਾ ਦੀ ਪਛਾਣ ਕਰ ਲਈ ਸੀ ।

95 "ਕੀ ਇਹ ਲਿਖਿਆ ਹੋਇਆ ਨਹੀਂ ਹੈ ਕਿ ਮਸੀਹਾ ਆਵੇਗਾ ਅਤੇ ਇਹ ਕੁਝ ਕਰੇਗਾ?" ਉਸਨੇ ਉਸ ਸਵੇਰ ਕਲਿਉਪਸ ਅਤੇ ਉਸਦੇ ਸਾਥੀ ਨੂੰ ਕਿਹਾ, "ਕੀ ਇਹ ਪੁਸਤਕਾਂ ਵਿੱਚ ਲਿਖਿਆ ਨਹੀਂ ਹੋਇਆ...ਕਿ ਉਸ ਨੂੰ ਕਸ਼ਟ ਭੋਗਨਾ ਸੀ ਅਤੇ ਮਰ ਕੇ ਤੀਸਰੇ ਦਿਨ ਜੀ ਉਠਣਾ ਸੀ?" ਉਸਨੇ ਕਿਹਾ, "ਤੁਸੀਂ ਪਰਤੀਤ ਕਰਨ ਵਿੱਚ ਇੰਨੇ ਢਿਲੇ ਕਿਉਂ ਹੋ?"

96 ਅਤੇ ਉਹਨਾਂ ਸੋਚਿਆ, "ਇਹ ਮਨੁੱਖ ਹੋਰ ਮਨੁਖਾਂ ਨਾਲੋ ਵਖਰਾ ਬੋਲਦਾ ਹੈ" । ਜਦੋਂ ਉਹ ਉਹਨਾਂ ਦੇ ਨਾਲ ਅੰਦਰ ਗਿਆ ਤਦ ਉਹਨਾਂ ਨੂੰ ਮਲੂਮ ਹੋਇਆ ਕਿ ਉਹ ਯਿਸੂ ਹੀ ਸੀ । ਵੇਖੋ, ਉਹਨਾਂ ਦੇ ਅੱਖਾਂ ਉਸ ਨੂੰ ਸਿਆਣਨ ਤੋਂ ਬੰਦ ਕੀਤੀਆਂ ਗਈਆਂ ਸਨ । ਵੇਖਿਆ ਉਹ ਜਾਣ ਗਏ ਕਿ ਜਿਸ ਵਚਨ ਦੇ ਹਵਾਲੇ ਉਹ ਦੇ ਰਿਹਾ ਸੀ ਉਹ ਉਸਦੇ ਬਾਰੇ ਹੀ ਸਨ ।

97 ਹੁਣ, ਤੁਸੀਂ ਜੋ ਵੀ ਮੰਗਦੇ ਹੋ ਵਿਸ਼ਵਾਸ ਕਰੋ ਕਿ ਇਹ ਤੁਹਾਨੂੰ ਮਿਲ ਗਿਆ ਹੈ । ਜੇਕਰ ਤੁਸੀਂ ਇੱਕ ਵਿਸ਼ਵਾਸੀ ਹੋ ਤਾਂ ਆਪਣੇ ਆਪ ਨੂੰ ਇੱਕ ਵਿਸ਼ਵਾਸੀ ਦੀ ਤਰ੍ਹਾਂ ਜਾਣੋ । ਇਹ ਜਾਣ ਲਵੋ ਕਿ ਇਹ ਸਭ ਚੀਜਾਂ ਤੁਹਾਡੇ ਲਈ ਹੀ ਹਨ ।

98 ਜੇਕਰ ਤੁਹਾਡੇ ਜੀਵਨ ਵਿੱਚ ਕੋਈ ਦੋਸ਼ ਹੈ ਤਾਂ ਪਹਿਲਾਂ ਉਸ ਨੂੰ ਦੂਰ ਕਰੋ । ਸਮਝੇ? ਜੇਕਰ ਤੁਹਾਡੇ ਵਿੱਚ ਕੋਈ ਦੋਸ਼ ਹੈ...ਮੈਂ...ਜਾਂ ਤੁਹਾਡੇ ਉੱਤੇ ਪ੍ਰਾਰਥਨਾ ਕਰਨ ਲਈ ਆਰਲ ਰਾਬਰਟਸ ਅਤੇ ਅਜਿਹੇ ਦਰਜਣ ਲੋਕ ਹੋ ਸਕਦੇ ਹਨ ਜਿਨ੍ਹਾਂ ਕੋਲ ਵਿਸ਼ਵਾਸ ਹੋਵੇ ਅਤੇ ਉਹ ਉਪਰ ਥਲੇ ਕੁਦ ਸਕਦੇ ਹਨ ਅਤੇ ਤੁਹਾਡੇ ਸਿਰ ਉਤੇ ਢੇਰ ਸਾਰਾ ਤੇਲ ਰੋੜ੍ਹ ਸਕਦੇ ਹਨ ਪਰ ਫਿਰ ਵੀ ਇਸ ਨਾਲ ਕੁਝ ਨਹੀਂ ਹੋਵੇਗਾ । ਇਹ ਸੱਚ ਹੈ ।

99 ਆਰਲ ਰਾਬਰਟਸ ਦੀਆਂ ਸਭਾਵਾਂ ਵਿੱਚ ਉਹਨਾਂ ਲੋਕਾਂ ਤੋਂ ਕੀ ਦੂਰ ਹੁੰਦਾ ਹੈ? ਮੈਂ ਉਹਨਾਂ ਨੂੰ ਪ੍ਰਾਰਥਨਾ ਦੀ ਕਤਾਰ ਵਿੱਚ ਵੇਖਦਾ ਹਾਂ । ਤੁਸੀਂ ਉਸ ਨੂੰ ਇਹ ਕਹਿੰਦੇ ਸੁਣਦੇ ਹੋ, "ਤੁਹਾਡੇ ਲਈ ਪਹਿਲਾਂ ਵੀ ਪ੍ਰਾਰਥਨਾ ਹੋਈ ਸੀ । ਇੱਕ ਕਾਲੇ ਵਾਲਾਂ ਵਾਲੇ, ਵੱਡੇ ਵੱਡੇ ਜਬੜਿਆਂ ਵਾਲੇ ਮਨੁੱਖ ਨੇ ਤੁਹਾਡੇ ਉੱਤੇ ਪ੍ਰਾਰਥਨਾ ਕੀਤੀ ਸੀ"। ਇਹ ਔਰਲ ਰਾਬਰਟਸ ਹੈ । ਸਮਝੇ? "ਅਤੇ ਇਹ ਫਲਾਣੇ ਫਲਾਣੇ ਸ਼ਹਿਰ ਵਿੱਚ ਸੀ ਅੱਤੇ ਉਸਨੇ *ਫਲਾਣੀ ਫਲਾਣੀ* ਗਲ ਕਹੀ" ।

100 "ਹਾਂ, ਇਹ ਠੀਕ ਹੈ" । ਸਮਝੇ?

101 "ਤੁਹਾਡੇ ਲਈ ਇੱਕ ਫਲਾਣੇ-ਫਲਾਣੇ ਮਨੁੱਖ ਦੁਆਰਾ ਪ੍ਰਾਰਥਨਾ ਕੀਤੀ ਗਈ ਸੀ" । ਵੇਖਿਆ, ਇਸ ਤਰ੍ਹਾਂ । "ਪਰ ਤੁਹਾਡੀ ਪਰੇਸ਼ਾਨੀ ਇਥੇ ਹੈ" । ਸਮਝੇ? "ਜਾਓ ਜਾ ਕੇ ਉਹ ਮਾਮਲਾ ਠੀਕ ਕਰੋ । ਜਾਓ ਆਪਣੇ ਪਤੀ ਜਾਂ ਆਪਣੀ ਪਤਨੀ ਨਾਲ ਆਪਣੇ ਪਾਪ ਦਾ ਇਕਰਾਰ ਕਰੋ । ਜਾਓ ਜਾ ਕੇ ਇਹ ਕੰਮ ਕਰੋ" । ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਤੁਹਾਡੇ ਲਈ ਕਿਸ ਨੇ ਪ੍ਰਾਰਥਨਾ ਕੀਤੀ ਹੈ ਜਦੋਂ ਤੱਕ ਤੁਸੀਂ ਇਹ ਠੀਕ ਨਹੀਂ ਕਰ ਲੈਂਦੇ, ਇਹ ਪ੍ਰਾਰਥਨਾ ਕੁਝ ਨਹੀਂ ਕਰੇਗੀ । ਦੋਸ਼ ਤੁਹਾਡੇ ਹਿਰਦੇ ਵਿੱਚ ਹੈ ਅਤੇ ਪਰਮੇਸ਼ੁਰ ਉਸ ਦੋਸ਼ੀ

ਹਿਰਦੇ ਵਿੱਚ ਨਹੀਂ ਆਵੇਗਾ । ਸਮਝੇ? ਪਰਮੇਸ਼ੁਰ ਉਸ ਤਰ੍ਹਾਂ ਦੇ ਹਿਰਦੇ ਵਿੱਚ ਨਹੀਂ ਰਹਿੰਦਾ, ਤੁਹਾਨੂੰ ਇਹ ਠੀਕ ਕਰਨਾ ਹੀ ਪੈਣਾ ਹੈ । ਅਤੇ ਜਦੋਂ ਤੁਸੀਂ ਇਹ ਕਰਦੇ ਹੋ ਤਾਂ ਤੁਹਾਡੇ ਕੋਲ ਵਿਸ਼ਵਾਸ ਹੋਣਾ ਚਾਹੀਦਾ ਹੈ । ਜੇਕਰ ਸਭ ਕੁਝ ਠੀਕ ਹੈ ਤਾਂ ਤੁਹਾਨੂੰ ਇਸ ਤੇ ਵਿਸ਼ਵਾਸ ਅਤੇ ਭਰੋਸ਼ਾ ਹੋਣਾ ਚਾਹੀਦਾ ਹੈ । ਨਾ ਡਰੋ ।

102 ਅਯੂਬ ਦੀ ਪੁਸਤਕ ਵਿੱਚ ਲਿਖਿਆ ਹੈ, "ਅਯੂਬ ਡਰਿਆ" । ਅਤੇ ਜਿਸ ਗਲ ਉਸ ਨੂੰ ਡਰ ਸੀ ਉਹ ਅਸਲ ਵਿੱਚ ਹੋ ਗਿਆ । ਕੌਣ ਇਸ ਨੂੰ ਲੈ ਕੇ ਆਇਆ? ਉਸਦਾ ਡਰ । ਇਹ ਉਸਦਾ ਡਰ ਹੀ ਸੀ ਜਿਸ ਨਾਲ ਉਹ ਹੋਇਆ । ਉਸਦਾ ਵਿਸ਼ਵਾਸ ਉਸਨੂੰ ਉਨਾਂ ਗਲਾਂ ਤੋ ਬਚਾ ਸਕਦਾ ਸੀ ਪਰ ਉਸਦਾ ਡਰ ਉਸ ਲਈ ਇਹ ਲੈ ਕੇ ਆਇਆ । ਉਹ ਡਰਿਆ ਹੋਇਆ ਸੀ ਕਿ ਇੰਝ ਹੋ ਜਾਵੇਗਾ ਅਤੇ ਇਹ ਹੋ ਗਿਆ । ਹੁਣ, ਜੇਕਰ ਉਹ ਜਾਣਦਾ ਕਿ ਇੰਝ ਨਹੀਂ ਹੋਵੇਗਾ ਤਾਂ ਇਹ ਨਹੀਂ ਹੁੰਦਾ । ਸਮਝੇ ਮੇਰਾ ਇਹ ਕਹਿਣ ਦਾ ਕੀ ਮਤਲਬ ਹੈ?

103 ਜਦ ਤੁਸੀਂ ਪ੍ਰਾਰਥਨਾ ਦੀ ਕਤਾਰ ਵਿੱਚ ਆਉਂਦੇ ਹੋ ਅਤੇ ਡਰੇ ਹੋਏ ਹੁੰਦੇ ਹੋ, "ਹੋ ਸਕਦਾ ਹੈ ਮੇਰੇ ਕੋਲ ਇੰਨਾ ਵਿਸ਼ਵਾਸ ਨਹੀਂ ਹੈ"; ਇਹ ਕਦੇ ਨਹੀਂ ਹੋਵੇਗਾ, ਚਿੰਤਾ ਨਾ ਕਰੋ । ਸਮਝੇ? ਪਰ ਜੇਕਰ ਤੁਸੀਂ ਜਾਣਦੇ ਹੋ ਕਿ ਇਹ ਹੋ ਜਾਵੇਗਾ ਤਾਂ ਫਿਰ ਇਹ ਹੋ ਕੇ ਰਹੇਗਾ । ਸਮਝੇ? ਵੇਖੋ, ਇਹ ਇੱਕ ਪੱਕਾ ਭਰੋਸਾ ਹੈ । ਅਯੂਬ ਨੂੰ ਡਰ ਸੀ ਕਿ ਉਸ ਨਾਲ ਇਹ ਕੁਝ ਹੋ ਸਕਦਾ ਹੈ ਅਤੇ ਇਹ ਹੋ ਗਿਆ । ਜੇਕਰ ਤੁਹਾਨੂੰ ਡਰ ਹੈ ਕਿ ਤੁਹਾਡੀ ਬਿਮਾਰੀ ਤੁਹਾਨੂੰ ਛੱਡ ਕੇ ਜਾਣ ਵਾਲੀ ਹੈ...ਜਾਂ ਨਹੀਂ ਜਾਣ ਵਾਲੀ ਹੈ ਤਾਂ ਇਹ ਨਹੀਂ ਜਾਵੇਗੀ । ਜੇਕਰ ਤੁਹਾਡੇ ਕੋਲ ਵਿਸ਼ਵਾਸ ਹੈ ਤਾਂ ਹੀ ਇਹ ਤੁਹਾਨੂੰ ਛੱਡ ਕੇ ਜਾਵੇਗੀ ।

104 ਜੱਦ ਤੁਸੀਂ ਕਿਸੇ ਵੀ ਡਾਕਟਰ ਕੋਲ ਇਲਾਜ ਲਈ ਜਾਂਦੇ ਹੋ ਤਾਂ ਸਭ ਤੋਂ ਪਹਿਲਾਂ ਉਹ ਇਹ ਕੌਸ਼ਿਸ ਕਰੇਗਾ ਕਿ ਜੋ ਦਵਾਈ ਉਹ ਤੁਹਾਨੂੰ ਦੇ ਰਿਹਾ ਹੈ ਉਸ ਲਈ ਤੁਹਾਡੇ ਦਿਲ ਵਿੱਚ ਵਿਸ਼ਵਾਸ ਪੈਦਾ ਕਰੇ । ਜੇਕਰ ਤੁਹਾਡਾ ਉਸ ਦਵਾਈ ਵਿੱਚ ਵਿਸ਼ਵਾਸ ਨਹੀਂ ਹੈ ਤਾਂ ਬਿਹਤਰ ਹੋਵੇਗਾ ਕਿ ਤੁਸੀਂ ਉਸ ਦਵਾਈ ਨੂੰ ਨਾ ਲਵੋ । ਸਮਝੇ? ਫਿਰ ਇਹ ਕੀ ਹੈ? ਇਹ ਵਿਸ਼ਵਾਸ ਹੈ ਜੋ ਚੰਗਾ ਕਰਦਾ ਹੈ; ਇਹ ਵਿਸ਼ਵਾਸ ਹੀ ਹੈ ਜੋ ਹਰ ਵਾਰ ਇਹ ਕਰਦਾ ਹੈ ।

105 ਜਦ ਤਕ ਪਤਰਸ ਡਰਿਆ ਨਹੀਂ ਉਹ ਸਭ ਕੁਝ ਠੀਕ ਕਰ ਰਿਹਾ ਸੀ । ਵਚਨ ਨੇ ਉਸ ਨੂੰ ਦੱਸਿਆ ਸੀ ਕਿ ਉਹ ਪਾਣੀ ਉੱਤੇ ਤੁਰ ਸਕਦਾ ਹੈ । ਪਹਿਲਾਂ ਉਹ ਡਰਿਆ ਹੋਇਆ ਸੀ, ਉਸਨੇ ਸੋਚਿਆ ਕਿ ਉਹ ਇੱਕ ਭੂਤ ਹੈ ਅਤੇ ਕਿਹਾ, "ਪ੍ਰਭੂ, ਜੇਕਰ ਇਹ ਤੂੰ ਹੈਂ ਤਾਂ ਮੈਨੂੰ ਆਗਿਆ ਦੇ ਕਿ ਮੈਂ ਪਾਣੀ ਉੱਤੇ ਚਲ ਕੇ ਤੇਰੇ ਕੋਲ ਆਵਾਂ ।

106 ਯਿਸੂ ਨੇ ਕਿਹਾ, "ਆ" । ਹੁਣ, ਉਸੇ ਪਰਮੇਸ਼ੁਰ ਨੇ ਜੋ ਯਾਕੂਬ 5:14 ਅਤੇ ਮਰਕੁਸ 16 ਵਿੱਚ ਹੈ, ਉਸੇ ਪਰਮੇਸ਼ੁਰ ਨੇ ਇਹ ਕਿਹਾ ਸੀ, ਉਸੇ ਪਰਮੇਸ਼ੁਰ ਨੇ ਉਸ ਨੂੰ ਕਿਹਾ, "ਆ"। ਅਤੇ ਉਸਨੇ ਪਾਣੀ ਤੇ ਤੁਰਨਾ ਸ਼ੁਰੂ ਕਰ ਦਿੱਤਾ । ਉਸਨੇ ਸਭ ਠੀਕ ਕੀਤਾ ਸੀ, ਉਹ ਬੇੜੀ ਵਿਚੋਂ ਉਤਰਿਆ ਅਤੇ ਤੁਰਨਾ ਸ਼ੁਰੂ ਕਰ ਦਿੱਤਾ...

107 ਤੁਸੀਂ ਜਾਣਦੇ ਹੋ ਕਿ ਉਸ ਵੇਲੇ ਸਮੁੰਦਰ ਵਿੱਚ ਵੱਡਾ ਤੁਫਾਨ ਆਇਆ ਹੋਇਆ ਸੀ; ਵੱਡੀਆਂ ਵੱਡੀਆਂ ਅਤੇ ਉਚੀਆਂ ਲਹਿਰਾਂ ਜੋ ਇਹਨਾਂ ਪਹਾੜੀਆਂ ਨਾਲੋਂ ਵੀ ਉਚੀਆਂ ਸਨ, ਲਹਿਰਾਂ ਦੇ ਉੱਤੋਂ ਝੱਗ ਡਿਗ ਰਹੀ ਸੀ; ਹੋ ਸਕਦਾ ਹੈ ਪੰਦਰਾਂ ਜਾਂ ਵੀਹ ਫੁੱਟ ਉਚੀ ਝੱਗ ਹੋਵੇ ਅਤੇ ਇਹ ਭਿਆਨਕ ਸੀ । ਅਤੇ ਇਹ ਪੁਛਣਾ ਉਸ ਲਈ ਇੱਕ ਭਿਆਨਕ ਗਲ ਸੀ, "ਪ੍ਰਭੂ, ਜੇਕਰ ਇਹ ਤੂੰ ਹੈਂ,..." ਵੇਖਿਆ, ਉਹ ਇੱਕ ਪਰਛਾਂਵੇ ਜਾਂ ਆਤਮਾ ਦੀ ਤਰ੍ਹਾਂ ਦਿੱਸ ਰਿਹਾ ਸੀ

। ਉਸਨੇ ਕਿਹਾ, “ਪ੍ਰਭੂ, ਜੇਕਰ ਇਹ ਤੂੰ ਹੈਂ ਤਾਂ ਮੈਨੂੰ ਆਗਿਆ ਦੇ ਕਿ ਮੈਂ ਪਾਣੀ ਉੱਤੇ ਚਲ ਕੇ ਤੇਰੇ ਕੋਲ ਆਵਾਂ” ।

108 ਯਿਸੂ ਨੇ ਕਿਹਾ, “ਆ” ।

109 ਅਤੇ ਉਹ ਬੇੜੀ ਵਿਚੋਂ ਉਤਰਿਆ ਅਤੇ ਕਿਹਾ, “ਇਹ ਪ੍ਰਭੂ ਹੈ, ਮੈਂ ਵੀ ਪਾਣੀ ਉੱਤੇ ਚਲਾਂਗਾ” । ਪਰ ਜਦੋਂ ਉਸਨੇ ਲਹਿਰਾਂ ਵਲ ਵੇਖਿਆ ਤਾਂ ਉਹ ਡਰ ਗਿਆ । ਉਸਦੇ ਮਨ ਵਿੱਚ ਕੀ ਆਇਆ? ਪਹਿਲੀ ਗਲ ਉਸਨੇ… “ਮੈਂ ਪਾਣੀ ਉੱਤੇ ਤੁਰ ਸਕਦਾ ਹਾਂ ਕਿਉਂਕਿ ਵਚਨ ਨੇ ਮੈਨੂੰ ਤੁਰਨ ਲਈ ਕਿਹਾ ਹੈ” । ਅਤੇ ਅਗਲੀ ਗਲ ਉਸਨੇ ਵੇਖਿਆ…ਉਸਨੇ ਆਪਣੇ ਹਾਲਾਤਾਂ ਵਲ ਵੇਖਿਆ; ਉਸਨੇ ਵੇਖਿਆ ਅਤੇ ਡਰ ਗਿਆ ਕਿਉਂਕਿ ਉਹ ਲਹਿਰਾਂ ਬਹੁਤ ਵੱਡੀਆਂ ਸਨ; ਅਤੇ ਜਦੋਂ ਉਸ ਨੇ ਇਹ ਕੀਤਾ ਤਾਂ ਉਹ ਡੁਬਣ ਲਗਾ । ਸਮਝੇ? ਜਿਸ ਦਾ ਉਸ ਨੂੰ ਡਰ ਸੀ ਉਹ ਹੋ ਗਿਆ! ਜੋ ਉਸਨੇ ਵਿਸ਼ਵਾਸ ਕੀਤਾ ਉਹ ਹੋ ਗਿਆ! ਜਦੋਂ ਉਸਨੇ ਵਿਸ਼ਵਾਸ ਕੀਤਾ ਕੀ ਉਹ ਤੁਰ ਸਕਦਾ ਹੈ ਤਾਂ ਉਹ ਤੁਰਿਆ; ਜਦੋਂ ਉਸਨੇ ਆਪਣੇ ਵਿਸ਼ਵਾਸ ਵਿੱਚ ਡਰ ਨੂੰ ਜਗ੍ਹਾ ਦਿਤੀ ਤਾਂ ਉਹ ਵਿਸ਼ਵਾਸ ਉਸ ਨੂੰ ਛੱਡ ਕੇ ਚਲਾ ਗਿਆ । ਵੇਖਿਆ? ਉਹ ਅਜੇ ਵੀ ਆਪਣੇ ਵਿਸ਼ਵਾਸ ਦਾ ਦਾਅਵਾ ਕਰ ਰਿਹਾ ਸੀ ਪਰ ਉਸ ਕੋਲ ਇਹ ਨਹੀਂ ਸੀ । ਜੇਕਰ ਉਸ ਕੋਲ ਵਿਸ਼ਵਾਸ ਹੁੰਦਾ ਤਾਂ ਉਹ ਉਚੀਆਂ ਲਹਿਰਾਂ ਦੇ ਉਪਰ ਚੱਲ ਕੇ ਯਿਸੂ ਕੋਲ ਜਾ ਸਕਦਾ ਸੀ, ਵੇਖਿਆ, ਜੇਕਰ ਉਸ ਕੋਲ ਸਿੱਧ ਵਿਸ਼ਵਾਸ ਹੁੰਦਾ । ਸਮਝੇ? ਪਰ ਉਸ ਕੋਲ ਸਿੱਧ ਵਿਸ਼ਵਾਸ ਨਹੀਂ ਸੀ । ਉਸਨੇ ਸੋਚਿਆ ਉਸ ਕੋਲ ਇਹ ਸੀ । ਪਹਿਲਾਂ ਉਸ ਨੇ ਵਿਸ਼ਵਾਸ ਕੀਤਾ ਅਤੇ ਬੇੜੀ ਵਿਚੋਂ ਬਾਹਰ ਆਉਣ ਦਾ ਹੌਂਸਲਾ ਕੀਤਾ, “ਕਿਉਂ, ਕਿਉਂਕਿ *ਪਰਮੇਸ਼ੁਰ* ਨੇ ਮੈਨੂੰ ਇਹ ਕਰਨ ਲਈ ਕਿਹਾ ਹੈ ਅਤੇ ਇਹ ਹੋਣਾ ਹੀ ਹੈ” । ਇਸ ਲਈ ਉਹ ਬੇੜੀ ਵਿਚੋਂ ਉੱਤਰਿਆ ਅਤੇ ਤੁਰਨਾ ਸ਼ੁਰੂ ਕਰ ਦਿੱਤਾ । ਉਸਨੇ ਲਹਿਰਾਂ ਬਾਰੇ ਕਦੇ ਨਹੀਂ ਸੋਚਿਆ ਕਿ ਉਹ ਕਿੰਨਾ ਉਸ ਦੇ ਵਿਰੋਧ ਵਿੱਚ ਸਨ । ਉਸਦੇ ਦਿਮਾਗ ਵਿੱਚ ਇਹ ਕਦੇ ਨਹੀਂ ਆਇਆ ।

110 ਹੁਣ, ਜੱਦ ਤੁਸੀਂ ਸੋਚਣ ਲਗਦੇ ਹੋ, “ਅੱਛਾ, ਹੁਣ ਇੰਤਜਾਰ ਕਰੋ । ਅਤੇ ਤੁਸੀਂ ਜਾਣਦੇ ਹੋ ਮੈਂ ਲੰਮੇ ਸਮੇਂ ਤੋਂ ਬੀਮਾਰ ਹਾਂ, ਮੈਂ…” ਰੁੱਕ ਜਾਓ! ਤੁਸੀਂ ਬੱਸ ਵਾਪਸ ਬੇੜੀ ਵਲ ਚਲੇ ਜਾਂਦੇ ਹੋ । ਸਮਝੇ? ਸਮਝੇ? ਪਰ ਜਦੋਂ ਤੁਸੀਂ ਉਸ ਬਾਰੇ ਸੋਚਣਾ ਛੱਡ ਦਿੰਦੇ ਹੋ,…

111 “ਅਬਰਾਹਾਮ ਨੇ ਆਪਣੀ ਦੇਹ ਵਲ ਧਿਆਨ ਨਾ ਦਿੱਤਾ ਜੋ ਮੁਰਦੇ ਵਰਗੀ ਹੋ ਗਈ ਸੀ ਅਤੇ ਨਾ ਹੀ ਸਾਰਾਹ ਦੀ ਕੁੱਖ ਵਲ ਜਿਸ ਨੂੰ ਸੋਕਾ ਲੱਗ ਗਿਆ ਸੀ” । ਉਸਨੇ ਉਸ ਬਾਰੇ ਨਹੀਂ ਸੋਚਿਆ ਅਤੇ ਨਾ ਹੀ ਉਸ ਤੇ ਧਿਆਨ ਕੀਤਾ । ਉਸਨੇ ਤਾਂ ਇਹ ਸਮਝਣ ਦੀ ਵੀ ਕੋਸ਼ਿਸ ਨਹੀਂ ਕੀਤੀ । ਉਸਨੇ ਇਸ ਤੇ ਜਰਾ ਵੀ ਧਿਆਨ ਨਾ ਕੀਤਾ ਪਰ ਉਸਨੇ ਉਸ ਤੇ ਧਿਆਨ ਕੀਤਾ ਜੋ ਪਰਮੇਸ਼ੁਰ ਨੇ ਕਿਹਾ ਸੀ ਅਤੇ ਅੱਗੇ ਵਧਦਾ ਗਿਆ । ਜੱਦ ਤੱਕ ਪਤਰਸ ਨੇ ਇੰਝ ਕੀਤਾ ਉਹ ਤੁਰਦਾ ਰਿਹਾ ।

112 ਪਰ ਯਿਸੂ ਇੱਕ ਅਜਿਹੇ ਆਲਮ ਵਿੱਚ ਰਹਿੰਦਾ ਸੀ ਜਿਸ ਬਾਰੇ ਕੋਈ ਨਹੀਂ ਜਾਣਦਾ ਸੀ, ਉਹ ਇੱਕ ਵਿਚਿੱਤਰ ਆਦਮੀ ਸੀ । ਉਹ ਸਿੱਧ ਪਰਮੇਸ਼ੁਰ ਦੀ ਸਿੱਧ ਵਿਸ਼ਵਾਸ ਦੀ ਦੁਨੀਆਂ ਵਿੱਚ ਰਹਿੰਦਾ ਸੀ । ਜੇਕਰ ਅਸੀਂ ਇੱਕ ਮਸੀਹੀ ਦੀ ਸਿੱਧ ਵਿਸ਼ਵਾਸ ਦੀ ਦੁਨੀਆਂ ਵਿੱਚ ਰਹੀਏ ਤਾਂ ਅਸੀਂ ਇਸ ਸੰਸਾਰ ਲਈ ਰਹੱਸ ਬਣ ਜਾਵਾਂਗੇ; ਲੋਕ ਤੁਹਾਨੂੰ ਸਮਝ ਨਹੀਂ ਸਕਣਗੇ । ਤੁਸੀਂ ਆਤਮਾ ਵਿੱਚ ਚਲੋਗੇ । ਆਤਮਾ ਜੋ ਕਹੇਗਾ ਤੁਸੀਂ ਉਹ ਕਰੋਗੇ । ਜੋ ਕੁਝ ਇਹ ਕਰਨ ਤੋਂ ਰੋਕੇਗਾ ਤੁਸੀਂ ਨਹੀਂ ਕਰੋਗੇ । ਫਿਰ ਲੋਕ ਇਹ ਕਹਿਣਾ ਸ਼ੁਰੂ ਕਰ ਦੇਣਗੇ…ਇਹ ਲੋਕ…ਤੁਸੀਂ ਉਹਨਾਂ ਲਈ ਇੱਕ ਰਹੱਸਪੂਰਨ ਵਿਅਕਤੀ ਹੋਵੋਗੇ ।

113 ਸਾਰੇ ਵਿਸ਼ਵਾਸੀਆਂ ਨਾਲ ਇਸੇ ਤਰ੍ਹਾਂ ਹੈ, ਉਹ ਇੱਕ ਭੇਤ ਹਨ। ਲੋਕ ਉਹਨਾਂ ਨੂੰ ਨਹੀਂ ਸਮਝ ਸਕਦੇ ਕਿਉਂਕਿ ਉਹ ਆਪਣੀ ਹੀ ਦੁਨੀਆਂ ਵਿੱਚ ਰਹਿੰਦੇ ਹਨ। ਯਿਸੂ ਇੱਕ ਅਜਿਹੀ ਦੁਨੀਆਂ ਵਿੱਚ ਰਹਿੰਦਾ ਸੀ ਜਿਸ ਨੂੰ ਹੋਰ ਕੋਈ ਛੂਹ ਵੀ ਨਹੀਂ ਸਕਦਾ ਸੀ। ਚੇਲੇ ਉਸ ਨੂੰ ਸਮਝ ਨਹੀਂ ਸਕੇ ਸਨ। ਜਦੋਂ ਉਹ ਉਹਨਾਂ ਨਾਲ ਬੋਲਦਾ ਸੀ, ਉਹਨਾਂ *ਇਹ* ਕਿਹਾ ਅਤੇ ਉਹਨਾਂ ਨੇ ਕਿਹਾ, "ਤੂੰ ਬੁਝਾਰਤਾਂ ਵਿੱਚ ਕਿਓਂ ਗਲਾਂ ਕਰਦਾ ਹੈਂ! ਅਸੀਂ–ਅਸੀਂ ਇਹ ਨਹੀਂ ਸਮਝਦੇ। ਇਹ ਕਿਵੇਂ ਹੋ ਸਕਦਾ ਹੈ?" ਵੇਖਿਆ, ਉਹ ਉਸ ਦੁਨੀਆਂ ਵਿੱਚ ਨਹੀਂ ਸਨ ਜਿਸ ਵਿੱਚ ਯਿਸੂ ਰਹਿੰਦਾ ਸੀ। ਵੇਖਿਆ, ਉਹ ਉਸ ਨੂੰ ਸਮਝ ਨਹੀਂ ਸਕੇ, ਕੋਈ ਉਸ ਨੂੰ ਸਮਝ ਨਹੀਂ ਸਕਿਆ।

114 ਅਤੇ ਜਦੋਂ ਇੱਕ ਮਨੁੱਖ ਵਿਸ਼ਵਾਸ ਦੁਆਰਾ ਜੀਵਨ ਬਤੀਤ ਕਰਦਾ ਅਤੇ ਵਿਸ਼ਵਾਸ ਦੁਆਰਾ ਚੱਲਦਾ ਹੈ ਮੇਰਾ ਮਤਲਬ ਹੈ ਪੱਕਾ ਵਿਸ਼ਵਾਸ ਤਾਂ ਉਹ ਸਾਰੀ ਦੁਨੀਆਂ ਤੋਂ ਵੱਖ ਹੋ ਜਾਂਦਾ ਹੈ ਅਤੇ ਇੱਕ ਨਵੀਂ ਸ੍ਰਿਸਟ ਬਣ ਜਾਂਦਾ ਹੈ। ਹੁਣ ਇਥੇ ਹੀ ਤੁਸੀਂ ਦੁਲਹਨ ਵਸਤੂ ਵਿੱਚ ਪ੍ਰਵੇਸ਼ ਕਰਦੇ ਹੋ। ਸਮਝੇ? ਸਮਝੇ? ਸਮਝੇ? ਹੁਣ, ਤੁਸੀਂ ਉਠਾਏ ਜਾਣ ਵਾਲੀ ਸਥਿਤੀ ਵਿੱਚ ਆ ਰਹੇ ਹੋ। ਇਹ ਸਾਡੇ ਸਾਰਿਆਂ ਲਈ ਹੈ; ਬੱਸ ਇੱਕਲਾ ਪਾਸਟਰ, ਡੀਕਨਾਂ ਅਤੇ ਟਰਸੱਟੀਆਂ ਲਈ ਨਹੀਂ। ਇਹ ਹਰੇਕ ਉਸ ਵਿਅਕਤੀ ਲਈ ਹੈ ਜੋ ਸਿਰਫ ਪਰਮੇਸ਼ੁਰ ਨਾਲ ਚੱਲਦਾ ਹੈ। ਤੁਹਾਡਾ ਉਸ ਦੇ ਰਾਜ ਵਿੱਚ ਬਪਤਿਸਮਾ ਹੋਇਆ ਹੈ ਅਤੇ ਉਸ ਰਾਜ ਵਿੱਚ ਤੁਹਾਡੇ ਅਤੇ ਪਰਮੇਸ਼ੁਰ ਤੋਂ ਅਲਾਵਾ ਹੋਰ ਕੋਈ ਵੀ ਨਹੀਂ ਹੈ। ਸਮਝੇ? ਉਹ ਹੁਕਮ ਦਿੰਦਾ ਹੈ ਅਤੇ ਤੁਸੀਂ ਉਸਦੀ ਪਾਲਣਾ ਕਰਦੇ ਹੋ। ਉਹ ਜੋ ਕੁਝ ਵੀ ਕਹਿੰਦਾ ਹੈ ਤੁਸੀਂ ਉਸ ਤੇ ਜਰਾ ਵੀ ਸ਼ੱਕ ਨਹੀਂ ਕਰਦੇ ਅਤੇ ਉਸੇ ਚਲਦੇ ਰਹਿੰਦੇ ਹੋ। ਜੇਕਰ ਪਰਮੇਸ਼ੁਰ ਨੇ *ਇਹ* ਕਿਹਾ ਹੈ ਤਾਂ ਇਸ ਸੰਸਾਰ ਵਿੱਚ ਕੋਈ ਵੀ ਨਹੀਂ ਜੋ ਇਸ ਤੋਂ ਬਾਹਰ ਤੁਹਾਡੇ ਨਾਲ ਗਲ ਕਰ ਸਕੇ, ਤੁਸੀਂ ਬੱਸ ਸਿੱਧੇ ਚਲਦੇ ਰਹਿੰਦੇ ਹੋ। ਹੁਣ ਤੁਸੀਂ ਸਿੱਧ ਵਿਸ਼ਵਾਸ ਵਿੱਚ ਆ ਰਹੇ ਹੋ, ਸਿਧੱਤਾ ਜੋ ਕਦੇ ਅਸਫਲ ਨਹੀਂ ਹੋ ਸਕਦੀ। *ਸਿੱਧ* ਵਿਸ਼ਵਾਸ ਕਦੇ ਅਸਫਲ ਨਹੀਂ ਹੁੰਦਾ। ਜੀ ਹਾਂ, ਉਹ ਆਪਣੇ ਸਿੱਧ ਵਿਸ਼ਵਾਸ ਕਾਰਨ ਉਹਨਾਂ ਲਈ ਇੱਕ ਭੇਤ ਸੀ ਅਤੇ ਅੱਜ ਜਿਨਾਂ ਕੋਲ ਸਿੱਧ ਵਿਸ਼ਵਾਸ ਹੈ ਉਹਨਾਂ ਨਾਲ ਵੀ ਇਹੀ ਮਾਮਲਾ ਹੈ, ਉਹ ਹੋਰਾਂ ਲਈ ਭੇਤ ਹਨ।

115 ਸਾਨੂੰ ਸਿਖਾਇਆ ਗਿਆ ਹੈ ਕਿ, "ਸ਼ਤਾਨ ਦਾ ਸਾਹਮਣਾ ਕਰੋ ਅਤੇ ਉਹ ਤੁਹਾਡੇ ਕੋਲੋਂ ਭੱਜ ਜਾਵੇਗਾ"। ਹੁਣ *ਸਾਹਮਣਾ* ਕਰਨ ਦਾ ਬੱਸ ਇਹ ਇਹ ਅਰਥ ਹੈ ਕਿ "ਉਸਦਾ ਇਨਕਾਰ ਕਰ ਦਿਓ"; ਬੱਸ ਉਸਦਾ *ਸਾਹਮਣਾ* ਕਰੋ, ਇਸਦਾ ਅਰਥ ਹੈ "ਜੋ ਉਹ ਕਹਿੰਦਾ ਹੈ ਉਸ ਤੋਂ ਦੂਰ ਚਲੇ ਜਾਓ"। ਪਰਮੇਸ਼ੁਰ ਨੇ ਕੁਝ ਕਿਹਾ ਹੈ; ਕੋਈ ਫਰਕ ਨਹੀਂ ਪੈਂਦਾ ਕਿ ਸ਼ਤਾਨ ਤੁਹਾਨੂੰ ਕੀ ਦੱਸਣ ਦੀ ਕੋਸ਼ਿਸ ਕਰਦਾ ਹੈ, ਤੁਸੀਂ ਬੱਸ ਉਸ ਦੀ ਸੁਣੋ ਹੀ ਨਾ। ਤੁਹਾਡੇ ਕੋਲ...ਤੁਹਾਡੇ ਕੰਨ ਬੱਸ ਉਹੀ ਸੁਣ ਸਕਦੇ ਹਨ ਜੋ ਆਤਮਾ ਕਹਿੰਦਾ ਹੈ ਅਤੇ ਬਾਕੀ ਸਭ ਚੀਜਾਂ ਲਈ ਤੁਸੀਂ ਬੋਲੇ ਹੋ। ਸਮਝੇ? "ਜਿਸ ਕੋਲ ਕੰਨ ਹਨ ਉਹ ਸੁਣੇ ਭਈ ਆਤਮਾ ਕਲੀਸਿਯਾ ਨੂੰ ਕੀ ਆਖਦਾ ਹੈ"; ਜਿਸ ਨੂੰ ਸੁਣਨ ਦਾ ਸਥਾਨ ਮਿਲਿਆ ਹੈ ਉਹ ਉਹਨਾਂ ਗਲਾਂ ਨੂੰ ਸੁਣਦਾ ਹੈ ਜੋ ਆਤਮਾ ਕਲੀਸਿਯਾ ਨੂੰ ਆਖਦਾ ਹੈ। ਸਮਝੇ?

116 ਸ਼ਤਾਨ ਕੀ ਕਹਿੰਦਾ ਹੈ, "ਅੱਛਾ, ਮੈਂ ਨਹੀਂ ਕਰ ਸਕਦਾ..." ਇਸ ਨਾਲ ਕੋਈ ਫਰਕ ਨਹੀਂ... "ਅੱਛਾ, ਜੇਕਰ ਤੂੰ *ਇਹ* ਪਰਚਾਰ ਕਰੇਂਗਾ ਤਾਂ ਸੰਸਥਾ ਤੈਨੂੰ ਬਾਹਰ ਕਰ ਦੇਵੇਗੀ..." ਇਸ ਨਾਲ ਵਿਸ਼ਵਾਸੀ ਨੂੰ ਕੋਈ ਫਰਕ ਨਹੀਂ ਪੈਂਦਾ, ਉਹ ਬੱਸ ਉਸੇ ਤਰ੍ਹਾਂ ਚੱਲਦਾ ਰਹਿੰਦਾ ਹੈ।

117 "ਜਿਸ ਕੋਲ ਕੰਨ ਹਨ ਉਹ ਸੁਣੇ ਭਈ ਆਤਮਾ ਕਲੀਸਿਯਾ ਨੂੰ ਕੀ ਆਖਦਾ ਹੈ"। ਤੁਸੀਂ ਜਾਣਦੇ ਹੋ, ਬਾਈਬਲ ਵਿੱਚ ਇਹ ਬਾਰ-ਬਾਰ ਕਿਹਾ ਗਿਆ ਹੈ। "ਉਹ ਜਿਸ ਕੋਲ ਵਿਸ਼ਵਾਸ ਹੈ। ਜਿਸ ਕੋਲ ਕੰਨ ਹਨ, ਉਹ ਸੁਣੇ"। ਸਮਝੇ? "ਜਿਸ ਕੋਲ ਬੁੱਧ ਹੈ ਉਹ ਉਸ ਦਰਿੰਦੇ ਦੇ ਅੰਕ ਗਿਣ ਲਵੇ"। ਅਤੇ ਇਹ ਸਭ ਗਲਾਂ ਜਿਵੇਂ "ਜਿਹਦੇ ਕੋਲ ਇਹ ਹੈ, ਉਹ ਇਸ ਨੂੰ ਹੋਰਾਂ ਨੂੰ ਵੀ ਦੱਸੇ ਤਾਂ ਜੋ ਉਹਨਾਂ ਕੋਲ ਵੀ ਇਹ ਹੋ ਜਾਵੇ"।

118 ਅਤੇ ਹੁਣ ਇਹ ਵਿਸ਼ਵਾਸ ਹੈ ਜਿਸਦੇ ਬਾਰੇ ਅਸੀਂ ਗਲਾਂ ਕਰ ਰਹੇ ਹਾਂ, ਉਹ ਸਿੱਧ ਵਿਸ਼ਵਾਸ ਜੋ ਤੁਹਾਡੇ ਕੋਲ ਹੋਣਾ ਚਾਹੀਦਾ ਹੈ; ਉਹ ਵਿਸ਼ਵਾਸ ਜੋ ਕਹਿੰਦਾ ਹੈ, "ਹਾਂ!" ਜਦੋਂ ਪਰਮੇਸ਼ੁਰ "ਹਾਂ" ਕਹਿੰਦਾ ਹੈ ਤਾਂ ਕੋਈ ਵੀ "ਨਾ" ਨਹੀਂ ਕਹਿ ਸਕਦਾ। ਸਮਝੇ? ਜਦੋਂ ਉਹ ਕਹਿੰਦਾ ਹੈ "ਹਾਂ", ਇਸਦਾ ਮਤਲਬ ਹੈ "ਹਾਂ!"। ਅਤੇ ਕੋਈ ਵੀ ਤੁਹਾਡੇ ਕੋਲੋਂ ਇਹ ਖੋਹ ਨਹੀਂ ਸਕਦਾ ਹੈ।

119 ਆਪਣੇ ਸਿੱਧ ਵਿਸ਼ਵਾਸ ਨਾਲ ਯਿਸੂ ਬਹੁਤ ਵਿਚਿਤ੍ਰ ਸੀ। ਅਤੇ ਸ਼ਤਾਨ ਉਸਦੇ ਲਾਗੇ ਜਿਆਦਾ ਚਿਰ ਰੁੱਕ ਨਾ ਸਕਿਆ। ਅੱਜ ਸਵੇਰੇ ਅਸੀਂ ਇਸ ਬਾਰੇ ਪ੍ਰਚਾਰ ਕੀਤਾ ਸੀ। ਜਦੋਂ ਉਹ ਵੱਡੇ ਵੱਡੇ ਛਲ ਨਾਲ ਭਰੇ ਹੋਏ ਬੌਧਿਕ ਵਿਚਾਰਾਂ ਨੂੰ ਲੈ ਕੇ ਆਇਆ ਅਤੇ ਜਦੋਂ ਉਸਨੇ ਯਿਸੂ ਨੂੰ ਛਲਣਾ ਚਾਹਿਆ ਤਾਂ ਉਸ ਨੂੰ ਲਗਾ ਕਿ ਉਹ ਦੱਸ ਹਜਾਰ ਵੋਲਟ ਦੀ ਤਾਰ ਨਾਲ ਟਕਰਾ ਗਿਆ ਹੈ ਜਿਸਨੇ ਉਸਨੂੰ ਫਿਰ ਪਿਛਾਂਹ ਸੁੱਟ ਦਿੱਤਾ। ਜੀ ਹਾਂ ਸ੍ਰੀਮਾਨ। ਉਸਨੇ ਕਿਹਾ, "ਇਹ ਲਿਖਿਆ ਹੋਇਆ ਹੈ ਕਿ ਮਨੁੱਖ ਕੇਵਲ ਰੋਟੀ ਨਾਲ ਹੀ ਜਿਉਂਦਾ ਨਹੀਂ ਰਹੇਗਾ!" ਆਹਾ! ਉਸਨੂੰ ਤਦ ਇੱਕ ਝਟਕਾ ਲਗਾ।

ਅਗਲੀ ਵਾਰ ਉਹ ਥੋੜ੍ਹਾ ਨਰਮ ਹੋ ਕੇ ਆਇਆ, ਜਦੋਂ ਉਸਨੇ ਕਿਹਾ, "ਤੂੰ ਇੱਕ ਮਹਾਨ ਵਿਅਕਤੀ ਹੈਂ, ਤੂੰ ਆਪਣੇ ਆਪ ਵਿੱਚ ਫੁੱਲ ਸਕਦਾ ਹੈਂ, ਕੁਝ ਬਣ ਸਕਦਾ ਹੈਂ"।

120 ਯਿਸੂ ਨੇ ਕਿਹਾ, "ਹੇ ਸ਼ਤਾਨ, ਮੇਰੇ ਕੋਲੋਂ ਦੂਰ ਹੋ ਜਾ"। ਔਹ, ਮੇਰੇ, ਸ਼ਤਾਨ ਨੇ ਕਿਸ ਨਾਲ ਟੱਕਰ ਲਈ ਸੀ! ਅਤੇ ਯਿਸੂ ਨੇ ਉਸਨੂੰ "ਤੂੰ ਪ੍ਰਭੂ ਆਪਣੇ ਪਰਮੇਸ਼ੁਰ ਨੂੰ ਨਾ ਪਰਤਾ"। ਵੇਖਿਆ, ਉਸਨੇ ਸ਼ਤਾਨ ਨੂੰ ਇਹ ਸਾਬਤ ਕਰ ਦਿੱਤਾ ਕਿ ਉਹ ਹੀ ਪ੍ਰਭੂ ਪਰਮੇਸ਼ੁਰ ਸੀ। "ਕਿਉਂਕਿ ਇਹ ਲਿਖਿਆ ਹੋਇਆ ਹੈ, 'ਤੂੰ ਪ੍ਰਭੂ ਆਪਣੇ ਪਰਮੇਸ਼ੁਰ ਨੂੰ ਨਾ ਪਰਤਾ...'"

121 ਹੁਣ, ਜੇਕਰ-ਜੇਕਰ ਸ਼ਤਾਨ ਇਹ ਨਾ ਜਾਣਦਾ ਕਿ ਉਹ ਪ੍ਰਭੂ ਪਰਮੇਸ਼ੁਰ ਹੈ ਤਾਂ ਉਹ ਕਹਿੰਦਾ, "ਇੱਕ ਮਿੰਟ ਰੁੱਕ, ਤੂੰ ਉਹ ਨਹੀਂ ਹੈਂ"। ਪਰ ਉਹ ਇਹ ਜਾਣਦਾ ਸੀ ਇਸ ਲਈ ਉਸ ਨੇ ਇਹ ਬਿਹਤਰ ਸਮਝਿਆ ਕਿ ਯਿਸੂ ਨਾਲ ਬਹਿਸ ਨਾ ਕੀਤੀ ਜਾਵੇ।

122 ਯਿਸੂ ਜਾਣਦਾ ਸੀ ਕਿ ਉਸ ਨੂੰ ਕਿਥੇ ਖੜ੍ਹਾ ਹੋਣਾ ਹੈ। ਉਸਨੇ ਕਿਹਾ, "ਤੂੰ ਪ੍ਰਭੂ ਆਪਣੇ ਪਰਮੇਸ਼ੁਰ ਨੂੰ ਨਾ ਪਰਤਾ"। ਅਤੇ ਉਹ ਪਰਮੇਸ਼ੁਰ ਹੀ ਸੀ। ਅਤੇ ਸ਼ਤਾਨ ਉਸ ਨੂੰ ਚੰਗੀ ਤਰ੍ਹਾਂ ਜਾਣਦਾ ਸੀ ਕਿਉਂਕਿ ਯਿਸੂ ਦੇ ਕੰਮਾਂ ਨੇ ਪਹਿਲਾਂ ਹੀ ਸਾਬਤ ਕਰ ਦਿੱਤਾ ਸੀ ਕਿ ਉਹ ਪ੍ਰਭੂ ਪਰਮੇਸ਼ੁਰ ਸੀ।

123 ਹੁਣ ਜਰਾ ਧਿਆਨ ਦਿਓ। ਸਿੱਧ ਵਿਸ਼ਵਾਸ ਸਾਰਿਆਂ ਹਾਲਾਤਾਂ ਦਾ ਸਵਾਮੀ ਹੈ। ਸਿੱਧ ਵਿਸ਼ਵਾਸ ਸਾਰੇ ਹਾਲਾਤਾਂ ਤੇ ਕਾਬੂ ਪਾ ਲੈਂਦਾ ਹੈ। ਕੋਈ ਫਰਕ ਨਹੀਂ ਪੈਂਦਾ ਕਿ ਉਹ ਕੀ ਹੈ ਉਹ ਉਸ ਉੱਤੇ ਕਾਬੂ ਪਾ ਲੈਂਦਾ ਹੈ। ਹੁਣ ਬੱਸ ਧਿਆਨ ਦਿਓ! ਜਦੋਂ ਤੁਸੀਂ ਕਿਸੇ ਗਲ ਤੇ ਵਿਸ਼ਵਾਸ ਕਰਦੇ ਹੋ ਅਤੇ ਤੁਸੀਂ ਕੋਈ ਕੰਮ ਕਰਦੇ ਹੋ ਅਤੇ ਜੋ ਤੁਸੀਂ ਕਰ ਰਹੇ ਹੁੰਦੇ ਹੋ ਉਸ ਵਿੱਚ ਤੁਹਾਡਾ ਵਿਸ਼ਵਾਸ ਹੈ। ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਹਾਲਾਤ ਕਿਹੋ ਜਿਹੇ ਹਨ। ਸਮਝੇ,

ਇਹ ਵਿਸ਼ਵਾਸ ਉਸ ਹਾਲਾਤ ਤੇ ਕਾਬੂ ਪਾ ਲੈਂਦਾ ਹੈ । ਜੇਕਰ ਇਹ ਇੱਕ-ਇੱਕ ਬਿਮਾਰਾਂ ਦੇ ਕਮਰੇ ਵਿੱਚ ਹੈ ਅਤੇ ਜੇਕਰ ਪਰਮੇਸ਼ੁਰ ਨੇ ਤੁਹਾਡੇ ਉੱਤੇ ਪ੍ਰਗਟ ਕੀਤਾ ਹੈ ਕਿ ਇਹ ਹੋਣ ਵਾਲਾ ਹੈ, ਤਾਂ ਤੁਸੀਂ ਬੱਸ ਇਸ ਬਾਰੇ ਬੋਲਦੇ ਰਹੋ ।

124 "ਔਹ, ਕਿਵੇਂ...?" ਕੋਈ ਸਵਾਲ ਨਾ ਕਰੋ । ਇਹ ਪਹਿਲਾਂ ਹੀ ਹੋ ਗਿਆ ਹੈ, ਬੱਸ ਤੁਸੀਂ ਚਲਦੇ ਰਹੋ । ਵੇਖਿਆ? ਉਹ ਸਾਰਿਆਂ ਹਾਲਾਤਾਂ ਉੱਤੇ ਕਾਬੂ ਕਰ ਲੈਂਦਾ ਹੈ । "ਅੱਛਾ, ਜੇਕਰ ਤੁਸੀਂ *ਇਹ* ਕਰਦੇ ਹੋ, ਫਲਾਣਾ-ਫਲਾਣਾ ਕਰਨ ਜਾ ਰਿਹਾ ਹੈ..." ਉਹ...ਤੁਸੀਂ ਵੇਖਦੇ ਹੋ, ਇਸ ਤੇ ਪਹਿਲਾਂ ਹੀ ਕਾਬੂ ਪਾ ਲਿਆ ਗਿਆ ਹੈ । ਵੇਖਿਆ?

125 ਵਿਸ਼ਵਾਸ ਇਹ ਭਰੋਸ਼ਾ ਕਰਦਾ ਹੈ ਕਿ ਪਰਮੇਸ਼ੁਰ ਇਸ ਕੰਮ ਨੂੰ ਕਰੇਗਾ । "ਮੈਂ ਨਹੀਂ ਜਾਣਦਾ ਉਹ ਕਿਵੇਂ ਕਰੇਗਾ ਪਰ ਉਹ ਕਿਸੇ ਵੀ ਤਰ੍ਹਾਂ ਇਸ ਨੂੰ ਕਰੇਗਾ" । ਸਮਝੇ? ਇਹ ਸਾਰੇ ਹਾਲਾਤਾਂ ਉੱਤੇ ਕਾਬੂ ਪਾ ਲੈਂਦਾ ਹੈ ।

126 ਵਿਸ਼ਵਾਸ ਅਤੇ ਪ੍ਰੇਮ ਇੱਕ ਦੂਸਰੇ ਨਾਲ ਸੰਬਧਿਤ ਹਨ ਕਿਓਂਕਿ ਤੁਸੀਂ ਬਿਨਾ ਪ੍ਰੇਮ ਦੇ ਵਿਸ਼ਵਾਸ ਕਰ ਹੀ ਨਹੀਂ ਸਕਦੇ ਕਿਓਂਕਿ ਤੁਹਾਡਾ ਵਿਸ਼ਵਾਸ ਉਸ ਪਰਮੇਸ਼ੁਰ ਵਿੱਚ ਹੈ ਜੋ ਪ੍ਰੇਮ ਦਾ ਮੁਖ ਕੇਂਦਰ ਹੈ । ਵਿਸ਼ਵਾਸ ਅਤੇ ਪ੍ਰੇਮ ਇੱਕਠੇ ਕੰਮ ਕਰਦੇ ਹਨ ।

127 ਇਹ ਇੱਕ ਜਵਾਨ ਜੋੜੇ ਦੀ ਤਰ੍ਹਾਂ ਹਨ । ਮਿਸਾਲ ਲਈ ਇੱਕ ਜਵਾਨ ਆਦਮੀ ਅਤੇ ਜਵਾਨ ਔਰਤ ਅਤੇ ਉਹ ਪ੍ਰੇਮ ਕਰਦੇ...ਉਹ ਇਕ ਦੂਸਰੇ ਨਾਲ ਪ੍ਰੇਮ ਕਰਨ ਲਗਦੇ ਹਨ । ਅਤੇ ਜਿਵੇਂ ਉਹ ਇੱਕਠੇ ਚਲਦੇ ਹਨ ਅਤੇ ਇੱਕ ਦੂਜੇ ਬਾਰੇ ਜਾਨਣਾ ਸ਼ੁਰੂ ਕਰਦੇ ਹਨ ਤਾਂ ਉਹਨਾਂ ਦੇ ਦਿਲ ਇਸ ਤਰ੍ਹਾਂ ਧੜਕਣ ਲਗਦੇ ਹਨ ਜਿਵੇਂ ਇੱਕ ਹੋਣ । ਸਮਝੇ? ਉਹ-ਉਹ...ਉਹ ਅਜੇ ਪਤੀ ਪਤਨੀ ਨਹੀਂ ਹਨ ਪਰ ਉਹਨਾਂ ਦਾ ਪ੍ਰੇਮ ਉਹਨਾਂ ਨੂੰ ਇੱਕ ਦੂਸਰੇ ਨਾਲ ਜੋੜ੍ਹਦਾ ਹੈ ਅਤੇ ਉਹ ਇੱਕ ਦੂਸਰੇ ਉੱਤੇ ਭਰੋਸਾ ਕਰਦੇ ਹਨ । ਹੁਣ, ਜੇਕਰ ਉਹ ਅਸਲ ਵਿੱਚ ਇੱਕ ਦੂਸਰੇ ਨਾਲ ਪ੍ਰੇਮ ਕਰਦੇ ਹਨ ਅਤੇ ਜੇਕਰ ਤੁਸੀਂ ਜਾਣਦੇ ਹੋ ਕਿ ਇਹ ਲੜਕੀ ਤੁਹਾਡੇ ਨਾਲ ਪ੍ਰੇਮ ਕਰਦੀ ਹੈ ਅਤੇ ਉਹ ਵੀ ਜਾਣਦੀ ਹੈ ਕਿ ਤੁਸੀਂ ਉਸ ਨਾਲ ਪ੍ਰੇਮ ਕਰਦੇ ਹੋ, ਤੁਸੀਂ ਇੱਕ ਦੂਸਰੇ ਉੱਤੇ ਭਰੋਸ਼ਾ ਕਰਦੇ ਹੋ ਜੇਕਰ ਤੁਹਾਨੂੰ ਇੱਕ ਦੂਸਰੇ ਉੱਤੇ ਵਿਸ਼ਵਾਸ਼ ਹੈ; ਪਰ ਜੇਕਰ ਤੁਸੀਂ ਨਹੀਂ ਕਰਦੇ ਤਾਂ ਇਹ ਬਿਹਤਰ ਹੋਵੇਗਾ ਕਿ ਤੁਸੀਂ ਉਸ ਨਾਲ ਵਿਆਹ ਨਾ ਕਰੋ । ਸਮਝੇ?

128 ਧਿਆਨ ਦਿਓ, ਤੁਹਾਡੇ ਕੋਲ ਵਿਸ਼ਵਾਸ ਹੋਣਾ ਚਾਹੀਦਾ ਹੈ । ਅਤੇ ਜੇਕਰ ਤੁਸੀਂ ਉਹਨਾਂ ਨੂੰ ਵਖ ਕਰਕੇ ਇੱਕ ਨੂੰ ਦੱਖਣ ਅਤੇ ਦੂਜੇ ਨੂੰ ਉੱਤਰੀ ਕੋਨੇ ਵਿੱਚ ਰੱਖ ਦੇਵੋ, ਫਿਰ ਵੀ ਇੱਕ ਦੂਸਰੇ ਲਈ ਪ੍ਰੇਮ ਉਹਨਾਂ ਦੇ ਦਿਲ ਵਿੱਚ ਧੜਕੇਗਾ, ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਉਹ ਕਿਥੇ ਹਨ । ਉਹ ਇੱਕ ਦੂਸਰੇ ਲਈ ਉਨੇ ਹੀ ਸੱਚੇ ਹਨ ਜਿੰਨੇ ਉਹ ਹੋ ਸਕਦੇ ਹਨ ਕਿਓਂਕਿ ਉਹ ਇੱਕ ਦੂਸਰੇ ਨੂੰ ਪ੍ਰੇਮ ਕਰਦੇ ਹਨ । ਅਤੇ ਜੇਕਰ ਤੁਸੀਂ ਪਰਮੇਸ਼ੁਰ ਨਾਲ ਪ੍ਰੇਮ ਕਰਦੇ ਹੋ, ਸਿਰਫ ਇਸ ਲਈ ਨਹੀਂ ਕਿਓਂਕਿ ਤੁਸੀਂ ਨਰਕ ਜਾਣ ਤੋਂ ਬਚਣਾ ਚਾਹੁੰਦੇ ਹੋ ਪਰ ਤੁਸੀਂ ਪਰਮੇਸ਼ੁਰ ਨੂੰ ਪ੍ਰੇਮ ਕਰਦੇ ਹੋ ਤਦ ਹੀ ਤੁਸੀਂ ਪਰਮੇਸ਼ੁਰ ਉੱਤੇ ਵਿਸ਼ਵਾਸ ਕਰ ਸਕਦੇ ਹੋ; ਵੇਖਿਆ, ਜੇਕਰ ਤੁਸੀਂ ਉਸ ਨੂੰ ਪ੍ਰੇਮ ਕਰਦੇ ਹੋ ।

129 ਇੱਕ ਜਵਾਨ ਲੜਕੀ ਦੀ ਤਰ੍ਹਾਂ...ਜਿਵੇਂ ਹਾਲ ਵਿੱਚ ਹੀ ਲੁਇਸਵਿਲੇ ਵਿੱਚ ਹੋਇਆ ਸੀ, ਇਸ ਗਲ ਨੂੰ ਹੋਏ ਜਿਆਦਾ ਚਿਰ ਨਹੀਂ ਹੋਇਆ । ਇਹ ਲੜਕੀ ਕਈ ਸਾਲਾਂ ਤੋਂ ਮਸੀਹ ਸੀ, ਪਰ ਉਸਦਾ ਪਤੀ ਅਜੇ ਕੁਝ ਹੀ ਚਿਰ ਤੋਂ ਮਸੀਹ ਸੀ...ਉਹ ਉਸ ਆਦਮੀ ਨਾਲ ਪ੍ਰੇਮ ਕਰਨ ਲਗੀ । ਉਹ ਕੋਈ ਦੋ ਕੁ ਸਾਲਾਂ ਤੋਂ ਮਸੀਹ ਸੀ । ਅਤੇ ਇਸ ਲਈ ਉਹਨਾਂ ਨੇ ਵਿਆਹ ਕਰ

ਲਿਆ; ਉਹ ਇੱਕ ਦੂਸਰੇ ਨਾਲ ਪ੍ਰੇਮ ਕਰਦੇ ਸਨ ਅਤੇ ਉਹਨਾਂ ਨੂੰ ਇੱਕ ਦੂਸਰੇ ਉੱਤੇ ਭਰੋਸਾ ਸੀ ਅਤੇ ਉਹਨਾਂ ਨੇ ਵਿਆਹ ਕਰ ਲਿਆ । ਅਤੇ ਫਿਰ ਉਸ ਲੜਕੀ ਨੇ ਉਸ ਆਦਮੀ ਨੂੰ ਕਿਹਾ, "ਪਿਆਰੇ, ਤੂੰ ਅਜੇ ਇੱਕ ਨਵਾਂ-ਨਵਾਂ ਮਸੀਹ ਹੈਂ ਅਤੇ ਤੇਰੇ ਲਈ ਇਹ ਬਹੁਤ ਔਖਾ ਹੋਵੇਗਾ । ਤੈਨੂੰ ਇਸ ਤੋਂ ਛੁਟਕਾਰਾ ਪਾਉਣ ਲਈ ਬਹੁਤ ਮਿਹਨਤ ਕਰਨੀ ਪਵੇਗੀ" । ਉਸਨੂੰ ਸ਼ਰਾਬ ਪੀਣ ਦੀ ਆਦਤ ਸੀ । ਉਸਨੇ ਕਿਹਾ, "ਤੈਨੂੰ ਬਹੁਤ ਮਿਹਨਤ ਕਰਨੀ ਪਵੇਗੀ" । ਅਤੇ ਕਿਹਾ, "ਮੈਂ ਜਾਣਦੀ ਹਾਂ ਕਿ ਤੈਨੂੰ ਬਹੁਤ ਜਿਆਦਾ ਔਖੀ ਪਰਖ ਵਿਚੋਂ ਲੰਘਣਾ ਪਵੇਗਾ" । ਅਤੇ ਕਿਹਾ, "ਮੈਂ ਤੈਨੂੰ ਇਹ ਦੱਸਣਾ ਚਾਹੁੰਦੀ ਹਾਂ । ਹੁਣ, ਜੇਕਰ ਤੂੰ ਪਰਤਾਵੇ ਵਿੱਚ ਪਵੇਂ ਅਤੇ ਉਹ ਤੇਰੇ ਉੱਤੇ ਹਾਵੀ ਜੋ ਜਾਵੇ, ਤਾਂ ਤੂੰ ਘਰੋਂ ਬਾਹਰ ਨਾ ਰਹੀਂ; ਤੂੰ ਘਰ ਮੁੜ੍ਹ ਆਵੀਂ । ਤੂੰ ਸਿੱਧਾ ਇਥੇ ਆ ਜਾਵੀਂ ਕਿਉਂਕਿ ਮੈਂ ਇਥੇ ਤੇਰਾ ਇੰਤਜਾਰ ਕਰ ਰਹੀ ਹੋਵਾਂਗੀ ਅਤੇ ਮੈਂ ਤੇਰੀ ਮਦਦ ਕਰਾਂਗੀ ਅਤੇ ਪ੍ਰਾਰਥਨਾ ਕਰਾਂਗੀ ਕਿ ਤੂੰ ਇਸ ਨੂੰ ਜਿੱਤ ਨਾ ਲਵੇਂ । ਮੈਂ ਤੇਰੇ ਨਾਲ ਹੀ ਰਹਾਂਗੀ ਕਿਉਂਕਿ ਮੈਂ ਤੇਰੇ ਨਾਲ ਵਿਆਹ ਕੀਤਾ ਹੈ । ਮੈਂ ਤੇਰੇ ਨਾਲ ਵਿਆਹ ਕੀਤਾ ਹੈ ਕਿਉਂਕਿ ਮੈਂ ਤੇਰੇ ਨਾਲ ਪ੍ਰੇਮ ਕੀਤਾ ਹੈ । ਅਤੇ ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਤੂੰ ਕੀ ਹੈਂ, ਮੈਂ ਅਜੇ ਵੀ ਤੇਰੇ ਨਾਲ ਪ੍ਰੇਮ ਕਰਦੀ ਹਾਂ" ।

130 ਕੁਝ ਦਿਨਾਂ ਬਾਅਦ ਉਹ ਆਪਣੇ ਦਫਤਰ ਵਿੱਚ ਆਪਣੇ ਸਾਥੀਆਂ ਨਾਲ ਦੁਪਹਿਰ ਦਾ ਭੋਜਨ ਕਰ ਰਿਹਾ ਸੀ, ਉਹ ਉਹਨਾਂ ਨੂੰ ਇਸ ਬਾਰੇ ਦੱਸ ਰਿਹਾ ਸੀ, ਉਸਨੇ ਕਿਹਾ, "ਜਦ ਕੋਈ ਤੁਹਾਨੂੰ ਇਸ ਤਰ੍ਹਾਂ ਪ੍ਰੇਮ ਕਰਦਾ ਹੋਵੇ ਤਾਂ ਤੁਸੀਂ ਕਿਵੇਂ ਕੁਝ ਗਲਤ ਕਰ ਸਕਦੇ ਹੋ?" ਸਮਝੇ?

131 ਤੁਸੀਂ ਇਥੇ ਹੋ । ਤੁਸੀਂ ਕਿਵੇਂ ਉਸ ਭਰੋਸੇ ਨੂੰ ਤੋੜ੍ਹ ਸਕਦੇ ਹੋ?

132 ਅਤੇ ਜਿਵੇਂ ਮੈਂ ਇਸ ਸਵੇਰੇ ਕਹਿ ਰਿਹਾ ਸੀ ਕੀ ਜਦ ਅਸੀਂ ਪਾਪੀ ਹੀ ਸੀ, ਪਾਪ ਦੀ ਗੁਲਾਮੀ ਵਿੱਚ ਸੀ ਅਤੇ ਇਸ ਸੰਸਾਰ ਵਿੱਚ ਪਰਮੇਸ਼ੁਰ ਦੇ ਬਿਨਾ, ਪਾਪ ਦੀ ਦਲਦਲ ਵਿੱਚ ਫਸੇ ਹੋਏ ਸੀ, ਤਾਂ ਵੀ ਪਰਮੇਸ਼ੁਰ ਸਾਡੇ ਕੋਲ ਆਇਆ । ਪਰਮੇਸ਼ੁਰ ਨੇ ਤੁਹਾਡੀ ਭਾਲ ਕੀਤੀ, ਤੁਸੀਂ ਕਦੇ ਵੀ ਪਰਮੇਸ਼ੁਰ ਨੂੰ ਨਹੀਂ ਭਾਲਿਆ । "ਕੋਈ ਮਨੁੱਖ ਮੇਰੇ ਕੋਲ ਨਹੀਂ ਆ ਸਕਦਾ ਜਿੰਨਾ ਚਿਰ ਪਿਤਾ ਹੀ ਉਸ ਨੂੰ ਨਾ ਬੁਲਾਵੇ" । ਅਤੇ ਪਰਮੇਸ਼ੁਰ ਉਸ ਦਲਦਲ ਵਿੱਚ ਆ ਗਿਆ, ਜਿਥੇ ਤੁਸੀਂ ਸੀ ਅਤੇ ਤੁਹਾਨੂੰ ਲੱਭ ਕੇ ਤੁਹਾਨੂੰ ਦਲਦਲ ਵਿਚੋਂ ਬਾਹਰ ਕਢਿਆ! ਇਸ ਨਾਲ ਹੀ ਤੁਹਾਡੇ ਅੰਦਰ ਸਿੱਧ ਪ੍ਰੇਮ ਉਤਪੰਨ ਹੋਣਾ ਚਾਹੀਦਾ ਹੈ । ਆਪਣੇ ਵਲ ਵੇਖੋ ਕਿ ਤੁਸੀਂ ਕੀ ਸੀ ਅਤੇ ਹੁਣ ਕੀ ਹੋ । ਕਿਸ ਨੇ ਇਹ ਕੀਤਾ? ਕੋਈ ਜੋ ਤੁਹਾਨੂੰ ਪ੍ਰੇਮ ਕਰਦਾ ਹੈ! ਤਾਂ ਫਿਰ ਕੀ ਤੁਸੀਂ ਉਸਦੇ ਵਾਇਦਿਆਂ ਤੇ ਵਿਸ਼ਵਾਸ ਨਹੀਂ ਕਰ ਸਕਦੇ ਜੋ ਉਸਨੇ ਤੁਹਾਡੇ ਨਾਲ ਕੀਤੇ ਹਨ? ਅਸਲ ਸੱਚਾ ਪ੍ਰੇਮ ਹੀ ਤੁਹਾਡਾ ਉਸਦੇ ਵਚਨ ਵਿੱਚ ਵਿਸ਼ਵਾਸ ਪੈਦਾ ਕਰੇਗਾ ।

133 ਜੱਦ ਮੈਂ ਕੁਝ ਵੀ ਨਹੀਂ ਸੀ ਉਸਨੇ ਮੈਨੂੰ ਪਕੜ ਲਿਆ । ਮੈਂ ਅਜੇ ਵੀ ਕੁਝ ਨਹੀਂ ਹਾਂ ਪਰ ਮੈਂ ਉਸਦੇ ਹੱਥਾਂ ਵਿੱਚ ਹਾਂ । ਵੇਖੋ, ਉਸਨੇ ਮੈਨੂੰ ਪਕੜ ਲਿਆ । ਉਸਨੇ ਮੈਨੂੰ ਤਦ ਪ੍ਰੇਮ ਕੀਤਾ ਜਦ ਮੈਂ ਪ੍ਰੇਮ ਦੇ ਲਾਇਕ ਨਹੀਂ ਸੀ । ਉਸਨੇ ਤੁਹਾਨੂੰ ਪ੍ਰੇਮ ਕੀਤਾ ਜਦ ਤੁਸੀਂ ਪ੍ਰੇਮ ਦੇ ਲਾਇਕ ਨਹੀਂ ਸੀ ਪਰ ਉਸਨੇ ਤੁਹਾਨੂੰ ਬਦਲ ਦਿੱਤਾ । ਜਿਵੇਂ ਉਸ ਭੈਣ ਨੇ ਆਪਣੀ ਗਵਾਹੀ ਵਿੱਚ ਕਿਹਾ ਸੀ, ਉਸਨੇ ਕਿਹਾ, "ਮੈਂ ਉਹ ਨਹੀਂ ਜੋ ਮੈਨੂੰ ਹੋਣਾ ਚਾਹੀਦਾ ਹੈ ਅਤੇ ਮੈਂ ਉਹ ਵੀ ਨਹੀਂ ਜੋ ਮੈਂ ਹੋਣਾ ਚਾਹੁੰਦੀ ਹਾਂ ਪਰ ਮੈਂ ਉਹ ਵੀ ਨਹੀਂ ਜੋ ਮੈਂ ਪਹਿਲਾਂ ਹੁੰਦੀ ਸੀ!" ਉਹ ਜਾਣਦੀ ਸੀ ਕਿ ਕੁਝ ਹੋਇਆ ਸੀ । ਅਤੇ ਇਹ ਹੀ ਤਰੀਕਾ ਹੈ । ਜੇਕਰ ਪਰਮੇਸ਼ੁਰ, ਜਦ ਮੈਂ ਉਸ ਤੋਂ ਦੂਰ ਸੀ, ਮੇਰੇ ਨਾਲ ਇੰਨਾ ਪ੍ਰੇਮ ਕਰ ਸਕਦਾ ਹੈ ਕਿ ਉਹ ਮੈਨੂੰ ਉਪਰ ਚੁਕਣ ਲਈ ਹੇਠਾਂ ਝੁਕਿਆ, ਇਹੀ ਗਲ ਮੈਨੂੰ ਵਿਸ਼ਵਾਸ ਦਿੰਦੀ ਹੈ ਕਿ ਉਹ ਮੇਰਾ ਇਸਤੇਮਾਲ ਕਰਨਾ ਚਾਹੁੰਦਾ ਹੈ । ਉਸਦਾ ਇਹ

ਕਰਨ ਦਾ ਕੋਈ ਤਾਂ ਮਕਸਦ ਸੀ। ਉਸਨੇ ਮੇਰੇ ਵਿੱਚ ਕੁਝ ਵੇਖਿਆ। ਉਸਨੇ ਤੁਹਾਡੇ ਵਿੱਚ ਕੁਝ ਵੇਖਿਆ। ਉਸ ਕੋਲ ਤੁਹਾਨੂੰ ਬਚਾਉਣ ਦਾ ਕੋਈ ਕਾਰਨ ਸੀ, ਉਹਨਾਂ ਲੋਕਾਂ ਵਲ ਵੇਖੋ ਜੋ ਅੱਜ ਬਚੇ ਹੋਏ ਨਹੀਂ ਹਨ। ਉਹਨਾਂ ਲਖਾਂ ਲੋਕਾਂ ਵਲ ਵੇਖੋ ਜਿਨਾਂ ਨੂੰ ਉਹ ਤੁਹਾਡੀ ਜਗ੍ਹਾ ਚੁਣ ਸਕਦਾ ਸੀ ਪਰ ਉਸਨੇ ਤੁਹਾਨੂੰ ਚੁਣਿਆ। ਆਮੀਨ। ਕੋਈ ਵੀ ਤੁਹਾਡੀ ਜਗ੍ਹਾ ਨਹੀਂ ਲੈ ਸਕਦਾ। ਆਮੀਨ! ਤੁਸੀਂ ਪਰਮੇਸ਼ੁਰ ਦੀ ਯੋਜਨਾ ਵਿੱਚ ਹੋ। ਕੋਈ ਇਹ ਨਹੀਂ ਕਰ ਸਕਦਾ। ਇਹ ਉਸਦਾ ਤੁਹਾਡੇ ਲਈ ਪ੍ਰੇਮ ਹੈ।

134 ਤਾਂ ਫਿਰ ਤੁਹਾਡਾ ਪ੍ਰੇਮ ਤੁਹਾਨੂੰ ਉਸ ਕੋਲ ਲੈ ਕੇ ਨਾ ਜਾਵੇਗਾ? ਅਤੇ ਇਹ ਇੱਕ ਪ੍ਰੇਮ ਦਾ ਮਾਮਲਾ ਹੈ। ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਹਾਲਾਤ ਕਿਹੋ ਜਿਹੇ ਹਨ, ਇਹ ਹਾਲਾਤ ਪ੍ਰੇਮ ਦੁਆਰਾ ਹੀ ਕਾਬੂ ਕੀਤੇ ਜਾਂਦੇ ਹਨ ਜਿਸ ਨਾਲ ਵਿਸ਼ਵਾਸ ਪੈਦਾ ਹੁੰਦਾ ਹੈ ਕਿ ਪਰਮੇਸ਼ੁਰ ਤੁਹਾਨੂੰ ਪ੍ਰੇਮ ਕਰਦਾ ਹੈ ਅਤੇ ਤੁਸੀਂ ਪਰਮੇਸ਼ੁਰ ਨੂੰ ਪ੍ਰੇਮ ਕਰਦੇ ਹੋ ਅਤੇ ਤੁਸੀਂ ਇੱਕ ਦੂਸਰੇ ਨੂੰ ਪ੍ਰੇਮ ਕਰਦੇ ਹੋ; ਅਤੇ ਇਹ ਵਿਸ਼ਵਾਸ ਨੂੰ ਲੈ ਕੇ ਆਉਂਦਾ ਹੈ। ਤਾਂ ਫਿਰ ਇਹ ਨਹੀਂ ਹੋ ਸਕਦਾ ਕਿ ਪਰਮੇਸ਼ੁਰ ਨੇ ਜੋ ਵਾਅਦਾ ਕੀਤਾ ਹੈ ਉਸਦੇ ਅਨੁਸਾਰ ਨਾ ਹੋਵੇ।

135 ਹੁਣ ਧਿਆਨ ਦਿਓ! ਸਿੱਧ ਵਿਸ਼ਵਾਸ ਸ਼ੁੱਧ ਹੁੰਦਾ ਹੈ, ਇਹ ਪ੍ਰੇਮ ਦੀ ਤਰ੍ਹਾਂ ਹੀ ਸ਼ੁੱਧ ਹੁੰਦਾ ਹੈ। ਸਮਝੇ? ਹੁਣ, ਜੇਕਰ ਤੁਸੀਂ ਕਿਸੇ ਨੂੰ ਪ੍ਰੇਮ ਕਰਦੇ ਹੋ...ਜਿਵੇਂ ਤੁਸੀਂ ਆਪਣੇ ਪਤੀ ਜਾਂ ਆਪਣੀ ਪਤਨੀ ਨੂੰ ਪ੍ਰੇਮ ਕਰਦੇ ਹੋ। ਹੁਣ ਕਿਸੇ ਨੂੰ ਆ ਕੇ ਤੁਹਾਨੂੰ ਇਹ ਦੱਸਣ ਦੀ ਲੋੜ ਨਹੀਂ ਕਿ "ਤੁਸੀਂ ਨਹੀਂ ਕਰਦੇ" ਕਿਉਂਕਿ ਤੁਸੀਂ ਪ੍ਰੇਮ ਕਰਦੇ ਹੋ ਅਤੇ ਤੁਸੀਂ ਜਾਣਦੇ ਹੋ ਕਿ ਤੁਸੀਂ ਕਰਦੇ ਹੋ।

136 ਹੁਣ, ਜੇਕਰ ਮੈਂ ਤੁਹਾਡੇ ਕੋਲੋਂ ਪੁਛਾਂ, "ਤੁਸੀਂ ਕਿਵੇਂ ਸਾਬਤ ਕਰ ਸਕਦੇ ਹੋ ਕਿ ਤੁਸੀਂ ਪ੍ਰੇਮ ਕਰਦੇ ਹੋ?"

137 "ਔਹ, ਜਿਸ ਤਰ੍ਹਾਂ ਮੈਂ ਉਸ ਲਈ ਜੀਵਨ ਬਤੀਤ ਕਰਦਾ ਹਾਂ ਮੈਂ ਉਸ ਨਾਲ ਇਹ ਸਾਬਤ ਕਰ ਸਕਦਾ ਹਾਂ"। ਸਮਝੇ? "ਮੈਂ ਇੱਕ ਸੱਚੀ ਅਤੇ ਵਫ਼ਾਦਾਰ ਪਤਨੀ ਹਾਂ। ਮੈਂ ਇੱਕ ਇਮਾਨਦਾਰ ਅਤੇ ਵਫ਼ਾਦਾਰ ਪਤੀ ਹਾਂ ਅਤੇ ਇਹ ਸਾਬਤ ਕਰਦਾ ਹੈ ਕਿ ਮੈਂ ਆਪਣੀ ਪਤਨੀ ਨੂੰ ਪ੍ਰੇਮ ਕਰਦਾ ਹਾਂ ਜਾਂ ਮੈਂ ਆਪਣੇ ਪਤੀ ਨੂੰ ਪ੍ਰੇਮ ਕਰਦੀ ਹਾਂ"। ਵੇਖੋ, ਤੁਹਾਡਾ ਜੀਵਨ ਇਹ ਸਾਬਤ ਕਰਦਾ ਹੈ ਕਿ ਤੁਸੀਂ ਕੌਣ ਹੋ। ਇਹੀ ਗਲ ਮਸੀਹਤ ਵਿੱਚ ਹੈ। ਸਮਝੇ? ਤੁਹਾਨੂੰ ਇੱਕ ਦੂਸਰੇ ਉੱਤੇ ਭਰੋਸ਼ਾ ਹੈ ਅਤੇ ਇਹ ਸ਼ੁੱਧ ਹੈ। ਅਤੇ ਇਹ ਇੱਕ ਅਸਲ ਚੀਜ ਹੈ ਜੋ ਤੁਸੀਂ ਹੋਰ ਕਿਸੇ ਨੂੰ ਵਿਖਾ ਨਹੀਂ ਸਕਦੇ ਪਰ ਫਿਰ ਵੀ ਇਹ ਤੁਹਾਡੇ ਕੋਲ ਹੁੰਦੀ ਹੈ ਅਤੇ ਤੁਹਾਡੇ ਕੰਮ ਹੀ ਇਸ ਨੂੰ ਸਾਬਤ ਕਰਦੇ ਹਨ।

138 ਅਤੇ ਜਦੋਂ ਤੁਹਾਡੇ ਕੋਲ ਸ਼ੁੱਧ, ਬਿਨਾ ਮਿਲਾਵਟ ਦੇ ਵਿਸ਼ਵਾਸ ਹੁੰਦਾ ਹੈ ਜਿਵੇਂ ਤੁਸੀਂ ਆਪਣੇ ਜੀਵਨਸਾਥੀ ਨੂੰ ਪ੍ਰੇਮ ਕਰਦੇ ਹੋ ਤਾਂ ਤੁਸੀਂ ਆਪਣੇ ਕੰਮਾਂ ਦੁਆਰਾ ਇਸ ਨੂੰ ਸਾਬਤ ਕਰਦੇ ਹੋ। ਤਦ ਤੁਹਾਨੂੰ ਸ਼ਿਕਾਇਤ ਨਹੀਂ ਕਰਨੀ ਪੈਂਦੀ ਕਿਉਂਕਿ ਤੁਸੀਂ ਜਾਣਦੇ ਹੋ ਕਿ ਇਹ ਹੋ ਗਿਆ ਹੈ, ਤੁਸੀਂ ਇਕੱਠੇ ਚਲਦੇ ਰਹਿੰਦੇ ਹੋ। ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਹਾਲਾਤ ਕਿਹੋ ਜਿਹੇ ਦਿੱਸਦੇ ਹਨ ਅਤੇ ਲੋਕ ਕੀ ਕਹਿੰਦੇ ਹਨ, ਤੁਸੀਂ ਜਾਣਦੇ ਹੋ ਕਿ ਕੀ ਹੋਇਆ ਹੈ। ਤੁਸੀਂ ਜਾਣਦੇ ਹੋ ਕਿ ਇਹ ਸਮਾਪਤ ਹੋ ਗਿਆ ਹੈ; ਜਿਵੇਂ ਤੁਸੀਂ ਜਾਣਦੇ ਹੋ ਕਿ ਤੁਸੀਂ ਆਪਣੇ ਪਤੀ ਨਾਲ ਪ੍ਰੇਮ ਕਰਦੇ ਹੋ ਅਤੇ ਜਿਵੇਂ ਜਾਣਦੇ ਹੋ ਤੁਸੀਂ ਪ੍ਰੇਮ...ਵੇਖੋ, ਪ੍ਰੇਮ ਅਤੇ ਵਿਸ਼ਵਾਸ ਨੂੰ ਇੱਕਠੇ ਕੰਮ ਕਰਨਾ ਪੈਣਾ ਹੈ। ਉਹ ਇੱਕ ਦੂਸਰੇ ਦੇ ਸੰਬਧੀ ਹਨ। ਪ੍ਰੇਮ ਵਿਸ਼ਵਾਸ ਪੈਦਾ ਕਰਦਾ ਹੈ।

139 ਜਦੋਂ ਸ਼ਤਾਨ ਸਾਨੂੰ ਪਰਤਾਉਂਦਾ ਹੈ ਤਾਂ ਸਾਨੂੰ ਸਿੱਧ ਵਚਨ ਵਿੱਚ ਸਿੱਧ ਵਿਸ਼ਵਾਸ ਦੁਆਰਾ ਉਸਦਾ ਸਾਹਮਣਾ ਕਰਨਾ ਚਾਹੀਦਾ ਹੈ, ਜਿਵੇਂ ਯਿਸੂ ਨੇ ਕੀਤਾ ਸੀ । ਪਰਮੇਸ਼ੁਰ ਦਾ ਵਚਨ ਸਿੱਧ ਹੈ । ਸਾਡੇ ਕੋਲ ਸਿੱਧ ਵਚਨ ਵਿੱਚ ਸਿੱਧ ਵਿਸ਼ਵਾਸ ਹੋਣਾ ਚਾਹੀਦਾ ਹੈ ਅਤੇ ਸ਼ਤਾਨ ਦਾ ਸਾਹਮਣਾ ਕਰਨਾ ਚਾਹੀਦਾ ਹੈ ।

140 ਹੁਣ ਅਸੀਂ ਛੇਤੀ ਕਰਾਂਗੇ, ਜਿੰਨੀ ਛੇਤੀ ਅਸੀਂ ਕਰ ਸਕਦੇ ਹਾਂ ।

141 ਉਸਦੇ ਵਚਨ ਵਿੱਚ ਵਿਸ਼ਵਾਸ ਦੁਆਰਾ ਅਸੀਂ ਕੁਝ ਵੀ ਜਿੱਤ ਸਕਦੇ ਹਾਂ: ਅਸੀਂ ਮੌਤ, ਕਬਰ ਅਤੇ ਨਰਕ ਨੂੰ ਜਿੱਤ ਸਕਦੇ ਹਾਂ । ਅਸੀਂ ਜਾਣਦੇ ਹਾਂ ਕਿ ਪਰਮੇਸ਼ੁਰ; ਪਰਮੇਸ਼ੁਰ ਹੈ, ਅਸੀਂ ਇਹ ਜਾਣਦੇ ਹਾਂ ਕਿ ਪਰਮੇਸ਼ੁਰ ਦੇ ਸਿੱਧ ਵਚਨ ਵਿੱਚ ਸਿੱਧ ਵਿਸ਼ਵਾਸ ਦੁਆਰਾ ਹੀ ਯਿਸੂ ਨੇ ਉਹ ਸਭ ਕੁਝ ਜਿੱਤ ਲਿਆ । ਮੌਤ ਉਸਦੀ ਹਜੂਰੀ ਵਿੱਚ ਟਿੱਕ ਨਹੀਂ ਸਕੀ । ਬਿਮਾਰੀ ਉਸਦੀ ਹਜੂਰੀ ਵਿੱਚ ਟਿੱਕ ਨਹੀਂ ਸਕੀ । ਉਸਦੇ ਬਸਤਰ ਵਿਚੋਂ ਲਗਾਤਰ ਸਮਰਥ ਦੀਆਂ ਨਦੀਆਂ ਵਹਿ ਰਹੀਆਂ ਸਨ । ਉਹ ਲੋਕ ਉਸਦੇ ਪਰਛਾਂਵੇ ਵਿੱਚ ਲੰਮੇ ਪੈ ਜਾਂਦੇ ਸਨ; ਬੱਸ ਆਪਣੀ ਉਂਗਲੀ ਉਸ ਦੇ ਬਸਤਰ ਨਾਲ ਛੁਆ ਕੇ ਚੰਗੇ ਹੋ ਜਾਂਦੇ ਸਨ । ਜਦੋਂ ਉਸ ਔਰਤ ਨੇ ਉਸ ਦੇ ਬਸਤਰ ਨੂੰ ਛੁਹਿਆ ਅਤੇ ਚੰਗੀ ਹੋ ਗਈ ਤਾਂ ਫਿਰ ਹਰ ਕੋਈ ਉਸ ਦੇ ਬਸਤਰ ਨੂੰ ਛੁਹਣਾ ਚਾਹੁੰਦਾ ਸੀ ਕਿਓਂਕਿ ਉਹਨਾਂ ਵੇਖਿਆ ਸੀ ਕਿ ਸਮਰਥ ਉਸਦੇ ਵਿਚੋਂ ਨਦੀਆਂ ਵਾਂਗ ਵਹਿ ਰਹੀ ਸੀ । ਉਹ ਸਿੱਧ ਵਿਸ਼ਵਾਸ ਦੀ ਦੁਨੀਆਂ ਵਿੱਚ ਚੱਲ ਰਿਹਾ ਸੀ ਕਿਓਂਕਿ ਉਹ ਵਚਨ ਸੀ ।

142 ਅਤੇ ਹੁਣ, "ਜੇਕਰ ਤੁਸੀਂ ਮੇਰੇ ਵਿੱਚ ਰਹੋ", ਯਿਸੂ ਦੇ ਦੁਆਰਾ ਹੀ ਪਰਮੇਸ਼ੁਰ ਤੁਹਾਡੇ ਤਕ ਵਚਨ ਲੈ ਕੇ ਆਇਆ; "ਅਤੇ ਮੇਰੇ ਵਚਨ ਤੁਹਾਡੇ ਵਿੱਚ ਰਹਿਣ," ਫਿਰ ਤੁਸੀਂ ਉਸੇ ਤਰ੍ਹਾਂ ਦੇ ਰਸਤੇ ਉੱਤੇ ਚਲ ਸਕਦੇ ਹੋ: ਸਮਰਥ ਤੁਹਾਡੇ ਵਿਚੋਂ ਵਹੇਗੀ, ਪਰਮੇਸ਼ੁਰ ਦੇ ਜੀਵਨ ਜਲ ਦੀਆਂ ਨਦੀਆਂ ਤੁਹਾਡੇ ਵਿਚੋਂ ਹੋ ਕੇ ਲੋਕਾਂ ਲਈ ਵਹਿਣਗੀਆਂ । ਸਮਝੇ ਮੇਰਾ ਕੀ ਮਤਲਬ ਹੈ? ਅਤੇ ਤੁਸੀਂ ਇਸ ਨਾਲ ਛਲ ਨਹੀਂ ਕਰ ਰਹੇ ਅਤੇ ਨਾ ਹੀ ਤੁਸੀਂ ਕਲਪਨਾ ਕਰ ਰਹੇ ਹੋ । ਇਹ ਅਸਲ ਵਿੱਚ ਹੋ ਰਿਹਾ ਹੈ ਅਤੇ ਤੁਸੀਂ ਇਹ ਵੇਖ ਰਹੇ ਹੋ । ਜੇਕਰ ਤੁਸੀਂ ਬੱਸ ਇਹ ਕਲਪਨਾ ਕਰ ਰਹੇ ਹੋ ਤਾਂ ਇਸ ਨਾਲ ਕੋਈ ਭਲਾ ਨਹੀਂ ਹੋਵੇਗਾ ।

143 ਹੁਣ ਧਿਆਨ ਦਿਓ! ਵੇਖੋ, ਜਦੋਂ ਉਸਨੇ ਖਲੋ ਕੇ ਕਿਹਾ, "ਜੇਕਰ ਤੁਸੀਂ ਇਸ ਹੈਕਲ (ਇਸ ਦੇਹ) ਨੂੰ ਢਾਹ ਦਿਓ ਤਾਂ ਮੈਂ ਇਸ ਨੂੰ ਤਿੰਨਾ ਦਿਨਾਂ ਵਿੱਚ ਖੜ੍ਹਾ ਕਰ ਦਿਆਂਗਾ" । ਕਿਓਂ? ਉਸ ਨੂੰ ਪੂਰਾ ਭਰੋਸਾ ਸੀ ਕਿ ਉਹ ਅਜਿਹਾ ਕਰ ਸਕਦਾ ਹੈ ਕਿਓਂਕਿ ਪਵਿੱਤਰ ਲਿਖਤਾਂ ਇਹ ਦੱਸਦਿਆਂ ਸੀ ਕਿ ਉਹ (ਮਸੀਹਾ) ਇਹ ਕਰੇਗਾ: "ਮੈਂ ਉਸਦੇ ਪ੍ਰਾਨ ਨੂੰ ਪਤਾਲ ਵਿੱਚ ਨਾ ਛੱਡਾਂਗਾ, ਨਾ ਹੀ ਆਪਣੇ ਪਵਿੱਤਰ ਪੁਰਖ ਨੂੰ ਗੋਰ ਵੇਖਣ ਦੇਵਾਂਗਾ" । ਇੱਕ ਨਬੀ ਜਿਸ ਕੋਲ ਇਹ ਵਚਨ ਆਇਆ ਸੀ, ਉਸਨੇ ਕਿਹਾ ਸੀ ਕਿ ਇਹ ਹੋਵੇਗਾ ਅਤੇ ਯਿਸੂ ਜਾਣਦਾ ਸੀ ਕਿ ਉਹ ਉਹੀ ਵਿਅਕਤੀ ਹੈ ।

144 ਅਤੇ ਜਦੋਂ...ਯਿਸੂ ਨੇ ਕਿਹਾ, "ਵਿਸ਼ਵਾਸ ਦੀ ਪ੍ਰਾਰਥਨਾ ਦੁਆਰਾ ਰੋਗੀ ਬੱਚ ਜਾਵੇਗਾ" ਜਾਂ "ਉਹ ਬਿਮਾਰਾਂ ਉੱਤੇ ਆਪਣੇ ਹੱਥ ਰਖਣਗੇ ਅਤੇ ਉਹ ਚੰਗੇ ਹੋ ਜਾਣਗੇ" । ਜੇਕਰ...

ਤੁਹਾਡੇ ਕੋਲ ਉਹ ਹੀ ਸਿੱਧ ਵਿਸ਼ਵਾਸ ਹੋਣਾ ਚਾਹੀਦਾ ਹੈ ਕਿ, "ਜੱਦ ਮੇਰੇ ਉੱਤੇ ਹੱਥ ਰਖੇ ਜਾਣਗੇ ਤਾਂ ਮੈਂ ਚੰਗਾ ਹੋ ਜਾਵਾਂਗਾ," ਕਿਓਂਕਿ ਉਸਨੇ ਇਹ ਕਿਹਾ ਸੀ ।

145 ਉਸਨੇ ਕਿਹਾ, "ਇਸ ਦੇਹ ਨੂੰ ਢਾਹ ਦਿਓ ਅਤੇ ਮੈਂ ਇਸ ਨੂੰ ਖੜਾ ਕਰ ਦਿਆਂਗਾ," ਕਿਉਂਕਿ ਉਹ ਜਾਣਦਾ ਸੀ ਕਿ ਉਹ ਮਸੀਹਾ ਹੈ। "ਮੈਂ ਆਪਣੇ ਪਵਿੱਤਰ ਪੁਰਖ ਨੂੰ ਗੋਰ ਨਹੀਂ ਵੇਖਣ ਦਿਆਂਗਾ"; ਉਹ ਜਾਣਦਾ ਸੀ ਕਿ ਉਹ ਪਵਿੱਤਰ ਪੁਰਖ ਹੈ। "ਨਾ ਹੀ ਮੈਂ ਉਸਦੇ ਪ੍ਰਾਨ ਨੂੰ ਪਤਾਲ ਵਿੱਚ ਛੱਡਾਂਗਾ"; ਨਾ ਹੀ ਉਸਨੇ ਛੱਡਿਆ। ਉਹ ਜਾਣਦਾ ਸੀ ਕਿ ਉਹ ਇਹ ਕਰੇਗਾ। ਉਸ ਨੂੰ ਪੂਰਾ ਭਰੋਸ਼ਾ ਸੀ ਕਿ ਉਹ ਮੌਤ ਅਤੇ ਪਤਾਲ ਨੂੰ ਜਿੱਤ ਲਵੇਗਾ, ਉਸਨੇ ਕਿਹਾ, "ਜੇਕਰ ਤਸੀਂ ਚਾਹੁੰਦੇ ਹੋ ਤਾਂ ਇਸ ਨੂੰ ਢਾਹ ਦਿਓ ਅਤੇ ਮੈਂ ਤਿੰਨ ਦਿਨਾਂ ਵਿੱਚ ਇਸ ਨੂੰ ਫਿਰ ਖੜ੍ਹਾ ਕਰ ਦੇਵਾਂਗਾ"। ਔਹ ਮੇਰੇ! "ਮੈਨੂੰ ਆਪਣੀ ਜਾਨ ਦੇਣ ਦਾ ਅਤੇ ਉਸ ਨੂੰ ਵਾਪਸ ਲੈਣ ਦਾ ਵੀ ਅਧਿਕਾਰ ਹੈ"; ਉਹ ਜਾਣਦਾ ਸੀ ਕਿ ਉਹ ਕੋਣ ਹੈ।

146 ਤੁਸੀਂ ਇੱਕ ਮਸੀਹ ਹੋ। ਤੁਹਾਡੇ ਕੋਲ ਇਹ ਅਧਿਕਾਰ ਹੈ ਕਿ ਤੁਸੀਂ ਉਹਨਾਂ ਸਾਰੀਆਂ ਬਰਕਤਾਂ ਨੂੰ ਹਾਂਸਲ ਕਰੋ, ਜਿੰਨਾ ਲਈ ਮਸੀਹ ਤੁਹਾਡੇ ਲਈ ਮਰਿਆ। ਇਹ ਸਭ ਬਰਕਤਾਂ ਤੁਹਾਡੀਆਂ ਹਨ! ਇਹਨਾਂ ਦਾ ਮੁੱਲ ਪਹਿਲਾਂ ਹੀ ਤਾਰਿਆ ਗਿਆ ਹੈ, ਤੁਸੀਂ ਬੱਸ ਵਿਸ਼ਵਾਸ ਕਰਨਾ ਹੈ। ਕਲਪਨਾ ਨਾ ਕਰੋ ਪਰ ਵਿਸ਼ਵਾਸ ਕਰੋ ਅਤੇ ਜਾਣ ਲਵੋ ਕਿ ਇਹ ਤੁਹਾਡੀਆਂ ਹਨ ਅਤੇ ਤੁਸੀਂ ਇਹਨਾਂ ਬਰਕਤਾਂ ਉੱਤੇ ਅਧਿਕਾਰ ਕਰ ਸਕਦੇ ਹੋ। ਔਹ, ਇਹ ਜੇਤੂ ਵਿਸ਼ਵਾਸ ਹੈ: ਜਾਣਦੇ ਹੋ! ਹਾਂ।

147 ਉਹ ਪਹਿਲਾਂ ਹੀ ਜਾਣਦਾ ਸੀ ਕਿ ਇਹ ਹੋਵੇਗਾ। ਉਹ ਇਸਦੇ ਹੋਣ ਬਾਰੇ ਭਵਿੱਖਵਾਣੀ ਕਰ ਸਕਦਾ ਸੀ ਕਿ ਇਹ ਹੋਵੇਗਾ ਕਿਉਂਕਿ ਉਹ ਜਾਣਦਾ ਸੀ ਕਿ ਇਹ ਹੋਵੇਗਾ; ਅਤੇ ਉਸ ਨੇ ਜੋ ਵੀ ਭਵਿੱਖਵਾਣੀ ਕੀਤੀ ਉਹ ਪੂਰੀ ਹੋਈ। ਹੁਣ ਧਿਆਨ ਦਿਓ! ਉਸਨੇ ਜੋ ਵੀ ਕਿਹਾ, ਪਰਮੇਸ਼ੁਰ ਨੇ ਉਸਦੀ ਕਹੀ ਹੋਈ ਹਰੇਕ ਗਲ ਨੂੰ ਆਦਰ ਬਖਸਿਆ। ਉਸਦੇ ਬਾਰੇ ਸੋਚੋ! ਯਿਸੂ ਨੇ ਜੋ ਵੀ ਕਿਹਾ, ਪਰਮੇਸ਼ੁਰ ਨੇ ਉਹ ਪੂਰਾ ਕੀਤਾ। ਇਸ ਲਈ, ਯਿਸੂ ਜਾਣਦਾ ਸੀ ਕਿ ਉਸਦੇ ਵਚਨ ਪਰਮੇਸ਼ੁਰ ਦੇ ਵਚਨ ਸਨ। ਹੁਣ, ਧਿਆਨ ਦਿਓ! ਉਹ ਲਿਖਤ ਅੱਜ ਫੇਰ ਸਾਡੇ ਲਈ ਹੈ, "ਜੇਕਰ *ਤੁਸੀਂ* ਇਸ ਪਹਾੜ ਨੂੰ ਕਹੋ"। ਔਹ ਮੇਰੇ! ਮੈਂ–ਮੈਂ ਬੱਸ ਥੋੜਾ ਹੋਰ ਇਸ ਬਾਰੇ ਬੋਲਾਂਗਾ, ਕਿਉਂਕਿ ਤੁਸੀਂ ਜਾਣਦੇ ਹੋ ਅਸੀਂ ਪ੍ਰਾਰਥਨਾ ਦੀ ਕਤਾਰ ਬੁਲਾਉਣ ਜਾ ਰਹੇ ਹਾਂ। ਅਸੀਂ ਜਲਦੀ ਹੀ ਸਭਾ ਸਮਾਪਤ ਕਰਾਂਗੇ ਅਤੇ ਬਿਮਾਰਾਂ ਲਈ ਪ੍ਰਾਰਥਨਾ ਕਰਾਂਗੇ ਅਤੇ ਜੋ ਚਾਹੁੰਦੇ ਹਨ...ਜਾਣਾ ਪੈਣਾ ਹੈ।

148 ਧਿਆਨ ਦਿਓ! ਉਹ ਜਾਣਦਾ ਸੀ ਕਿ ਉਸਨੇ ਪਰਮੇਸ਼ੁਰ ਨੂੰ ਖੁਸ ਕੀਤਾ ਹੈ। ਉਹ ਜਾਣਦਾ ਸੀ ਉਸਦੇ ਜੀਵਨ ਵਿੱਚ ਕੁਝ ਵੀ ਨਹੀਂ ਹੈ। ਪਰਮੇਸ਼ੁਰ ਨੇ ਪਹਿਲਾਂ ਹੀ ਗਵਾਹੀ ਦੇ ਦਿੱਤੀ ਸੀ, "ਇਹ ਮੇਰਾ ਪਿਆਰਾ ਪੁੱਤਰ ਹੈ ਜਿਸ ਵਿੱਚ ਰਹਿ ਕੇ ਮੈਂ ਪ੍ਰਸੰਨ ਹਾਂ! ਇਹ ਮੇਰਾ ਪਿਆਰਾ ਪੁੱਤਰ ਹੈ ਜਿਸ ਵਿੱਚ ਰਹਿ ਕੇ ਮੈਂ ਪ੍ਰਸੰਨ ਹਾਂ," ਇਹ ਉਸਦੇ ਬਪਤਿਸਮੇ ਵਾਲੇ ਦਿਨ ਕਿਹਾ ਗਿਆ ਸੀ। "ਮੈਂ ਇਸ ਵਿੱਚ ਆਪਣਾ ਡੇਰਾ ਲਾ ਕੇ ਪ੍ਰਸੰਨ ਹਾਂ, ਇਸ ਵਿੱਚ ਕੋਈ ਵੀ ਦੋਸ਼ ਨਹੀਂ ਹੈ।

149 ਹੁਣ, ਜਦੋਂ ਉਹੀ ਪਰਮੇਸ਼ੁਰ ਤੁਹਾਡੇ ਕੋਲ ਆਉਂਦਾ ਹੈ ਅਤੇ ਤੁਹਾਡੇ ਵਿੱਚ ਰਹਿ ਕੇ ਪ੍ਰਸੰਨ ਹੁੰਦਾ ਹੈ, ਉਹ ਤੁਹਾਡੇ ਸਬਦਾਂ ਨੂੰ ਆਦਰ ਦੇ ਕੇ ਪ੍ਰਸੰਨ ਹੁੰਦਾ ਹੈ, ਤੁਹਾਡਾ ਜੋ ਵੀ ਫੈਂਸਲਾ ਹੁੰਦਾ ਹੈ,...ਯਹੋਸ਼ੁਆ ਦਾ ਕੀ ਫੈਂਸਲਾ ਸੀ? "ਸੂਰਜ, ਥਮ੍ਹ ਜਾ!" ਅਤੇ ਉਹ ਉਥੇ ਥਮ੍ਹ ਗਿਆ। ਅਮੀਨ! ਯਕੀਨਨ! ਮੂਸਾ ਦਾ ਕੀ ਫੈਂਸਲਾ ਸੀ? ਉਸਨੇ ਸਮੁੰਦਰ ਦੇ ਉੱਤੇ ਆਪਣਾ ਢਾਂਗਾ *ਇਸ* ਤਰ੍ਹਾਂ ਵਧਾਇਆ ਅਤੇ ਉਸਨੂੰ ਕਿਹਾ "ਖੁਲ ਜਾ!" ਅਤੇ ਇਹ ਖੁਲ ਗਿਆ! ਵੇਖਿਆ, ਜੋ ਵੀ ਤੁਸੀਂ ਮੰਗੋਗੇ। "ਅਤੇ ਜੇਕਰ ਤੁਸੀਂ ਇਸ ਪਹਾੜ ਨੂੰ ਕਹੋ, 'ਉਖੜ ਜਾ,' ਅਤੇ ਸ਼ੱਕ ਨਾ ਕਰੋ, ਪਰ ਆਪਣੇ ਦਿਲ ਵਿੱਚ ਵਿਸ਼ਵਾਸ ਕਰੋ ਕਿ ਜੋ ਤੁਸੀਂ ਕਿਹਾ ਹੈ ਉਹ ਹੋ ਜਾਵੇਗਾ"। ਇਹ

ਤੁਹਾਨੂੰ ਮੁੜ੍ਹ ਵਚਨ ਵਿੱਚ ਰਖਦਾ ਹੈ । ਹੁਣ, ਇਹ ਮਲਾਈ ਉਤਾਰਿਆ ਹੋਇਆ ਦੁੱਧ ਨਹੀਂ ਹੈ । ਸਮਝੇ? ਇਹ ਤੁਹਾਨੂੰ ਮੁੜ੍ਹ ਵਚਨ ਵਿੱਚ ਰਖਦਾ ਹੈ । ਮੈਂ ਜਾਣਦਾ ਹਾਂ ਕਿ ਇਹ ਗਲਾਂ ਤੁਹਾਡੇ ਸਿਰ ਉਤੋਂ ਲੰਘ ਜਾਣਗੀਆਂ, ਇਹ ਹੋ ਸਕਦਾ ਹੈ ਕਿਓਂਕਿ ਮੈਂ ਤੁਹਾਨੂੰ ਇਹ ਸਮਝਾ ਨਹੀਂ ਸਕਦਾ । ਪਰ ਅਸਲ, ਸ਼ੁੱਧ ਵਿਸ਼ਵਾਸ ਇਸ ਨੂੰ ਸਮਝ ਜਾਵੇਗਾ ।

150 ਦੋਸਤੋ, ਮੈਂ ਇਸ ਨੂੰ ਹੁੰਦੇ ਹੋਏ ਵੇਖਿਆ ਹੈ । ਇਥੇ ਮੇਰੇ ਸਾਹਮਣੇ ਬਾਈਬਲ ਖੁਲੀ ਪਈ ਹੈ । ਮੈਂ ਇਸ ਨੂੰ ਹੁੰਦੇ ਹੋਏ ਵੇਖਿਆ ਹੈ ਅਤੇ ਮੈਂ ਜਾਣਦਾ ਹਾਂ ਕਿ ਇਹ ਸੱਚ ਹੈ । ਮੈਂ ਜਾਣਦਾ ਹਾਂ, ਪਰਮੇਸ਼ੁਰ ਸਵਰਗ ਵਿੱਚ ਜਾਣਦਾ ਹੈ, ਹੋ ਸਕਦਾ ਹੈ ਕਿ ਇਹ ਸੰਦੇਸ ਖਤਮ ਹੋਣ ਤੱਕ ਮੈਂ ਇਥੇ ਨਾ ਰਹਾਂ ਪਰ ਮੈਂ–ਮੈਂ ਜਾਣਦਾ ਹਾਂ ਕਿ ਇਹ ਹੋਇਆ ਸੀ । ਮੈਂ ਆਪ ਇਸ ਨੂੰ ਵੇਖਿਆ ਹੈ । ਮੈਂ ਇਸ ਵਚਨ ਨੂੰ ਪੂਰਾ ਹੁੰਦਿਆ ਹੋਇਆ ਵੇਖਿਆ ਹੈ ਅਤੇ ਮੈਂ ਇਸਦਾ ਗਵਾਹ ਹਾਂ, ਮੈਂ ਜਾਣਦਾ ਹਾਂ ਕਿ ਇਹ ਸੱਚਾਈ ਹੈ: ਇਸ ਨੂੰ ਬੋਲ ਅਤੇ ਉਥੇ ਖਲੋ ਕੇ ਸ੍ਰਿਸ਼ਟੀਕਰਤਾ ਨੂੰ ਜੀਵਿਤ ਪ੍ਰਾਨੀ ਨੂੰ ਜੀਵਨ ਵਿੱਚ ਲਿਆਉਂਦੇ ਹੋਏ ਵੇਖ, ਠੀਕ ਤੇਰੀਆਂ ਅੱਖਾਂ ਦੇ ਸਾਹਮਣੇ; ਤੂੰ ਬੱਸ ਆਪਣਾ ਸਿਰ ਹਿਲਾ ਕੇ ਅਚਰਜ ਮੰਨਦਾ ਰਹੀਂ ਅਤੇ ਫਿਰ ਉਸਨੂੰ ਉਸੇ ਤਰ੍ਹਾਂ ਦੂਸਰੀ ਸ੍ਰਿਸਟੀ ਕਰਦੇ ਹੋਏ ਵੇਖੀਂ । ਕਿਓਂਕਿ ਤੂੰ ਇਹ ਕਿਹਾ ਸੀ; ਅਤੇ ਇਧਰ ਮੁੜ੍ਹ ਅਤੇ ਕਹਿ, “ਉਥੇ ਇੱਕ ਹੋਰ ਹੋ ਜਾਵੇ”, ਅਤੇ ਵੇਖੋ, ਉਥੇ ਇੱਕ ਹੋਰ ਹੋ ਗਈ! ਹੁਣ ਇਹ ਸੱਚਾਈ ਹੈ ।

151 ਔਹ, ਸਾਨੂੰ ਕਿਥੇ ਹੋਣਾ ਚਾਹੀਦਾ ਹੈ? ਜਿਥੇ ਸਿੱਧ ਵਿਸ਼ਵਾਸ ਹੈ । ਕੋਈ ਦਰਸ਼ਨ ਨਹੀਂ, “ਬੱਸ ਵਚਨ ਨੂੰ ਬੋਲ,” ਮੈਂ ਉਥੇ ਪਹਿਲਾਂ ਕਦੇ ਗਿਲਹਰੀ ਨਹੀਂ ਵੇਖੀ ਸੀ । ਉਸਨੇ ਬੱਸ ਇਹ ਲਿਖਤ ਬੋਲੀ, “ਇਸ ਨੂੰ ਬੋਲ ਅਤੇ ਸ਼ੱਕ ਨਾ ਕਰ; ਜੋ ਤੂੰ ਕਹੇਂਗਾ ਉਹ ਹੋ ਜਾਵੇਗਾ” । ਮੈਂ ਪਰਮੇਸ਼ੁਰ ਦੇ ਵਚਨ ਤੇ ਵਿਸ਼ਵਾਸ ਕੀਤਾ ਅਤੇ ਇਹ ਹੋ ਗਿਆ । ਇਹ ਸੱਚ ਹੈ । ਉਹ ਉਨਾਂ ਹੀ ਸ਼ਕਤੀਸਾਲੀ…ਅਤੇ ਦੋਸਤੋ ਜਿਵੇਂ ਤੁਹਾਡੇ ਪਾਸਟਰ ਨੇ ਕਿਹਾ ਪਰਮੇਸ਼ੁਰ ਅੱਜ ਵੀ ਉਨਾਂ ਹੀ ਸ਼ਕਤੀਸ਼ਾਲੀ ਹੈ ਜਿੰਨਾ ਉਹ ਤਦ ਸੀ ਜਦ ਉਸਨੇ ਯਹੋਸ਼ੁਆ ਦੇ ਕਹਿਣ ਤੇ ਸੂਰਜ ਨੂੰ ਥਮ੍ਹ ਦਿੱਤਾ ਸੀ; ਕਿਓਂਕਿ ਸੂਰਜ ਪਹਿਲਾਂ ਹੀ ਉਥੇ ਸੀ, ਅਤੇ ਸਾਰੀਆਂ ਚੀਜਾਂ ਗਤੀ ਵਿੱਚ ਸਨ ਅਤੇ ਉਸਨੇ ਉਸ ਗਤੀ ਨੂੰ ਰੋਕ ਦਿੱਤਾ । ਪਰ ਇਸ ਜਗ੍ਹਾ ਤੇ ਉਸਨੇ ਉਹ ਚੀਜ ਦੀ ਰਚਨਾ ਕੀਤੀ ਜੋ ਪਹਿਲਾਂ ਉਥੇ ਨਹੀਂ ਸੀ, ਉਸਨੇ ਰਚਨਾ ਕੀਤੀ! ਮੈਂ ਉਸ ਪਰਮੇਸ਼ੁਰ ਨੂੰ ਜਾਣ ਕੇ ਖੁਸ਼ ਹਾਂ ਜੋ ਕਿਸੇ ਦਿਨ ਇਸ ਧਰਤੀ ਤੋਂ ਮਿੱਟੀ ਨੂੰ ਲੈ ਸਕਦਾ ਹੈ, ਅਤੇ ਜਦੋਂ ਮੈਂ ਕਬਰ ਵਿੱਚ ਪਿਆ ਹੋਵਾਂਗਾ ਤਾਂ ਉਹ ਬਿਨਾ ਕਿਸੇ ਚੀਜ ਦੇ ਮੈਨੂੰ ਜੀਵਨ ਵਿੱਚ ਵਾਪਸ ਬੁਲਾ ਸਕਦਾ ਹੈ । ਔਹ ਮੇਰੇ!

> ਮੇਰਾ ਵਿਸ਼ਵਾਸ ਤੇਰੀ ਵਲ ਵੇਖਦਾ ਹੈ,
> ਤੂੰ ਜੋ ਕਲਵਰੀ ਦਾ ਮੇਮਨਾ ਹੈਂ ।

152 ਤੁਸੀਂ ਜੋ ਕਿਹਾ ਉਸਤੇ ਸ਼ੱਕ ਨਾ ਕਰੋ ਪਰ ਜੋ ਤੁਸੀਂ ਕਿਹਾ ਹੈ ਉਸ ਉੱਤੇ ਵਿਸ਼ਵਾਸ ਕਰੋ ਅਤੇ ਜੋ ਤੁਸੀਂ ਕਹੋਗੇ ਉਹ ਪੂਰਾ ਹੋ ਜਾਵੇਗਾ । ਸਮਝੇ, ਵਿਸ਼ਵਾਸ ਕਰੋ ਕਿ ਇਹ ਹੋ ਜਾਵੇਗਾ ।

153 ਦਾਊਦ ਨੇ ਆਪਣੇ ਭਜਨਾਂ ਵਿੱਚ ਉਸਦੇ ਬਾਰੇ ਕਿਹਾ ਸੀ । ਅਤੇ ਇਸ ਨਾਲ ਉਸ ਨੇ ਆਪਣੀ ਸਮਰਥ ਪ੍ਰਾਪਤ ਕੀਤੀ ਅਤੇ ਦੂਸਰਿਆਂ ਦੀ ਸੇਵਾ ਕੀਤੀ । ਉਸਨੇ ਬੱਸ ਇਹ ਆਪਣੇ ਕੋਲ ਹੀ ਨਹੀਂ ਰਖੀ ਪਰ ਇਸ ਨਾਲ ਦੂਸਰਿਆਂ ਦੀ ਸੇਵਕਾਈ ਕੀਤੀ । ਅਤੇ ਦੂਸਰਿਆਂ ਨੂੰ ਬਚਾਇਆ ਵੀ ਅਤੇ ਉਹ ਹੁਣ ਵੀ ਉਹੀ ਕੰਮ ਕਰ ਸਕਦਾ ਹੈ । ਅਤੇ ਉਹੀ ਵਿਸ਼ਵਾਸ ਦਾ ਵਾਅਦਾ ਉਸਨੇ ਵਿਸ਼ਵਾਸੀਆਂ ਦੇ ਲਈ ਆਪਣੇ ਵਚਨ ਵਿੱਚ ਕੀਤਾ ਹੈ ਅਤੇ ਯੂਹੰਨਾ…ਜਿਵੇਂ

ਅਸੀਂ ਹੁਣੇ ਪੜ੍ਹਿਆ ਹੈ ਯੂਹੰਨਾ 14:12, ਮਰਕੁਸ 16 ਅਤੇ ਮਰਕੁਸ 11:23 ਵਿੱਚ ਉਸਨੇ ਇਹ ਵਾਅਦੇ ਕੀਤੇ ਹਨ ।

154 ਹੁਣ ਧਿਆਨ ਦਿਓ । ਹੁਣ, ਉਹ ਸਾਡੇ ਉੱਤੇ ਉਸੇ ਤਰ੍ਹਾਂ ਪ੍ਰਗਟ ਹੋਇਆ ਹੈ ਜਿਵੇਂ ਉਹ ਉਹਨਾਂ ਉੱਤੇ ਪੁਰਾਣੇ ਨੇਮ ਵਿੱਚ ਪ੍ਰਗਟ ਹੋਇਆ ਸੀ, ਅਤੇ ਜਿਵੇਂ ਉਸਨੇ ਨਵੇਂ ਨੇਮ ਵਿੱਚ ਵੀ ਕੀਤਾ ਅਤੇ ਉਸੇ ਵਚਨ ਨਾਲ ਉਸਨੇ ਮਸੀਹ ਨੂੰ ਪ੍ਰਗਟ ਕੀਤਾ ਹੈ । ਅਤੇ ਮੈਂ ਤੁਹਾਡੇ ਸਾਹਮਣੇ ਐਲਾਨ ਕਰਦਾ ਹਾਂ ਕਿ ਮਸੀਹ ਹੀ ਪਵਿੱਤਰ ਆਤਮਾ ਹੈ । *ਮਸੀਹ* ਸਬਦ ਦਾ ਅਰਥ ਹੈ "ਮਸਹ ਕੀਤਾ ਹੋਇਆ"; ਉਹ ਮਨੁੱਖ ਜੋ ਮਸਹ ਕੀਤਾ ਹੋਇਆ ਹੈ ਉਹ ਮਸੀਹ ਹੈ । ਕਿੰਨੇ ਇਹ ਜਾਣਦੇ ਹਨ ਕਿ ਇਹ ਸਹੀ ਹੈ? ਇਹ ਅਨੁਵਾ-...ਮਸਹ ਕੀਤਾ ਹੋਇਆ, ਉਥੇ ਇੱਕ ਮਸਹ ਕੀਤਾ ਹੋਇਆ ਮਨੁੱਖ ਹੋਵੇਗਾ । ਕਿਸ ਚੀਜ ਨਾਲ ਮਸਹ ਕੀਤਾ ਹੋਇਆ? ਬਾਈਬਲ ਰਸੂਲਾਂ ਦੇ ਕਰਤਬ 2 ਅਧਿਆਏ ਵਿੱਚ ਦਸਦੀ ਹੈ ਕਿ ਨਾਸਰਤ ਦਾ ਯਿਸੂ, ਪਰਮੇਸ਼ੁਰ ਦੁਆਰਾ ਪਰਵਾਨ ਕੀਤਾ ਹੋਇਆ, ਪਵਿੱਤਰ ਆਤਮਾ ਦੁਆਰਾ ਮਸ਼ਹ ਕੀਤਾ ਹੋਇਆ; ਉਸਨੇ ਮਹਾਨ ਕਰਾਮਾਤਾਂ ਕੀਤੀਆਂ, ਵੇਖਿਆ, ਪਰਮੇਸ਼ੁਰ ਨੇ ਇਹ ਸਾਬਤ ਕੀਤਾ ਕਿ ਉਹ ਉਸ ਮਨੁੱਖ ਵਿੱਚ ਸੀ ।

155 ਅਤੇ ਹੁਣ, ਅਸੀਂ ਉਸੇ ਆਤਮਾ ਦੁਆਰਾ ਮਸਹ ਕੀਤੇ ਹੋਏ ਹਾਂ, ਅਸੀਂ ਮਸਹ ਕੀਤੇ ਹੋਏ ਮਸੀਹਾ ਹਾਂ; ਅਸੀਂ ਇਹਨਾਂ ਅੰਤਮ ਦਿਨਾਂ ਲਈ ਮਸੀਹਾ ਹਾਂ ਤਾਂਕਿ ਯਿਸੂ ਮਸੀਹ ਦੇ ਜੀ ਉਠਣ ਦੀ ਖ਼ਬਰ ਨੂੰ ਚਮਕਾ ਸਕੀਏ ਅਤੇ ਇਹ ਵਿਖਾ ਸਕੀਏ ਕਿ ਉਹ ਮਰਿਆ ਹੋਇਆ ਨਹੀਂ ਹੈ ਪਰ ਪਵਿੱਤਰ ਆਤਮਾ ਦੇ ਰੂਪ ਵਿੱਚ ਅੱਜ ਵੀ ਜਿਉਂਦਾ ਹੈ, ਉਹ ਆਪਣੇ ਲੋਕਾਂ ਦੇ ਵਿੱਚ ਹੈ; ਆਪਣੀ ਦੁਲਹਨ ਵਿੱਚ ਚਲ ਰਿਹਾ ਹੈ, ਉਸ ਨਾਲ ਉਸਦਾ ਪ੍ਰੇਮ ਸੰਬਧ ਹੈ ਅਤੇ ਇਸ ਲਈ ਉਹ ਆਪਣਾ ਆਪ ਉਸ ਵਿੱਚ ਪਾ ਰਿਹਾ ਹੈ । ਉਹ ਵਿਆਹ ਦੇ ਭੋਜ ਲਈ ਇੱਕ ਹੋ ਰਹੇ ਹਨ ਅਤੇ ਉਹੀ ਨਿਸ਼ਾਨ ਜਿਨਾਂ ਦਾ ਉਸੇ ਪਰਮੇਸ਼ੁਰ ਨੇ ਆਪਣੇ ਵਚਨ ਵਿੱਚ ਵਾਅਦਾ ਕੀਤਾ ਸੀ, ਉਹ ਉਸ ਨੂੰ ਉਸੇ ਤਰ੍ਹਾਂ ਹੀ ਪ੍ਰਗਟ ਕਰ ਰਿਹਾ ਹੈ ।

156 ਸਾਡੇ ਵਾਸਤੇ ਕਰਨ ਲਈ ਹੋਰ ਕੁਝ ਨਹੀਂ ਬਚਿਆ ਹੈ ਪਰ ਸਾਨੂੰ ਇਨਾਂ ਹੀ ਕਰਨਾ ਹੈ ਕਿ ਅਸੀਂ ਇਹ ਵਿਸ਼ਵਾਸ ਕਰੀਏ ਅਤੇ "ਇਹ ਵਿਸ਼ਵਾਸ" ਹੀ ਪੱਕਾ *ਭਰੋਸਾ* ਹੈ ਜੋ ਸਿੱਧ ਵਿਸ਼ਵਾਸ ਦੀ ਰਚਨਾ ਕਰਦਾ ਹੈ । ਜਰਾ ਸੋਚੋ ਕੀ ਅਸੀਂ ਕਿੰਨੇ–ਕਿੰਨੇ ਸੁੰਨ ਹੋ ਗਏ ਹਾਂ; ਹੁਣ ਇਸ ਬਾਰੇ ਜਰਾ ਇੱਕ ਮਿੰਟ ਲਈ ਸੋਚੋ ।

157 ਹੁਣ, ਚਲੋ ਵੇਖਦੇ ਹਾਂ । ਕੀ ਉਸਨੇ ਸਭ ਚੀਜਾਂ ਠੀਕ ਕਰ ਦਿੱਤੀਆਂ ਹਨ? ਕੀ ਕਦੇ ਅਜਿਹਾ ਹੋਇਆ ਕਿ ਜਿਵੇਂ ਉਸ ਨੇ ਸਾਨੂੰ ਦੱਸਿਆ ਸੀ ਉਸੇ ਤਰ੍ਹਾਂ ਨਾ ਹੋਇਆ ਹੋਵੇ? ਕੀ ਉਸਨੇ ਵਾਅਦਿਆਂ ਨੂੰ ਪੂਰਾ ਨਹੀਂ ਕੀਤਾ ਅਤੇ ਕੀ ਅੱਗ ਦਾ ਖੰਭਾ ਸਾਡੇ ਵਿੱਚਕਾਰ ਨਹੀਂ ਸੀ ਅਤੇ ਕੀ ਉਸਨੇ ਵਾਅਦੇ ਅਨੁਸਾਰ ਕੰਮ ਨਹੀਂ ਕੀਤਾ? ਕੀ ਅਸੀਂ ਇਹ ਨਹੀਂ ਵੇਖਿਆ? ਕੀ ਵਿਗਿਆਨ ਨੇ ਇਸ ਨੂੰ ਨਹੀਂ ਵੇਖਿਆ ਜਦ ਇਸਦੀ ਭਵਿੱਖਵਾਣੀ ਹੋਈ ਸੀ ਕਿ ਇਹ ਹੋਵੇਗਾ ਕਿ ਮੈਂ ਉਥੇ ਜਾਵਾਂਗਾ ਅਤੇ ਇਸ ਦੀਆਂ ਤਸਵੀਰਾਂ ਅਖਬਾਰਾਂ ਅਤੇ ਰਸਾਲਿਆਂ ਵਿੱਚ ਸੀ, ਜਦਕਿ ਮੈਂ ਕਈ ਮਹੀਨੇ ਪਹਿਲਾਂ ਹੀ ਦੱਸ ਦਿੱਤਾ ਸੀ ਕਿ ਇਹ ਹੋਵੇਗਾ? ਕੀ ਉਸਨੇ ਉਸੇ ਤਰ੍ਹਾਂ ਨਹੀਂ ਕੀਤਾ ਜਿਵੇਂ ਉਸਨੇ ਪੁਰਾਣੇ ਅਤੇ ਨਵੇਂ ਨੇਮ ਵਿੱਚ ਕੀਤਾ ਸੀ? ਅਤੇ ਉਹ ਅੱਜ ਵੀ ਉਹ ਹੀ ਹੈ! ਉਹੀ ਪਵਿੱਤਰ ਆਤਮਾ ਆਉਂਦਾ ਹੈ ਅਤੇ ਗੁਪਤ ਭੇਤਾਂ ਨੂੰ ਬੁਝਦਾ ਹੈ । "ਅਤੇ ਪਰਮੇਸ਼ੁਰ ਦਾ ਵਚਨ ਦੋ ਧਾਰੀ ਤਲਵਾਰ ਨਾਲੋਂ ਵੀ ਤਿੱਖਾ ਹੈ ਜੋ ਮਨ ਦੀਆਂ ਵਿਚਾਰਾਂ ਅਤੇ ਧਾਰਨਾ ਨੂੰ ਜਾਂਚ ਲੈਂਦਾ ਹੈ" । ਕੀ ਇਹ ਸਹੀ ਨਹੀਂ ਹੈ? ਕੀ ਇਹ ਉਹੀ ਪਰਮੇਸ਼ੁਰ ਨਹੀਂ ਹੈ?

ਹੁਣ, ਉਹੀ ਪਰਮੇਸ਼ੁਰ ਇਥੇ ਹੈ, ਉਹ ਕਿਸੇ ਹੋਰ ਜਗ੍ਹਾ ਤੋਂ ਆਇਆ ਹੋਇਆ ਅਜਨਬੀ ਨਹੀਂ ਹੈ । ਉਹ ਇਥੇ ਹੈ ਤਾਂਕਿ ਸਾਡੇ ਅੰਦਰ ਸਿੱਧ ਵਿਸ਼ਵਾਸ ਦੀ ਰਚਨਾ ਕਰੇ । ਮੈਂ ਉਸ ਨੂੰ ਮਹਿਸੂਸ ਕਰ ਸਕਦਾ ਹਾਂ । ਮੈਂ ਜਾਣਦਾ ਹਾਂ ਕਿ ਹੁਣ ਇਹ ਇਥੇ ਹੈ । ਮੈਂ ਜਾਣਦਾ ਹਾਂ ਕਿ ਉਸਦੀ ਆਤਮਾ ਇਥੇ ਹੈ । ਮੈਂ ਜਾਣਦਾ ਹਾਂ ਕਿ ਉਹ ਸਭ ਜਾਣਦਾ ਹੈ । ਆਮੀਨ! ਅਤੇ ਮੈਂ ਜਾਣਦਾ ਹਾਂ ਕਿ ਉਹ ਕੁਝ ਕਰਨਾ ਚਾਹੁੰਦਾ ਹੈ, ਉਹ ਲੋਕਾਂ ਅੰਦਰ ਸਿੱਧ ਵਿਸ਼ਵਾਸ ਦੀ ਰਚਨਾ ਕਰਨਾ ਚਾਹੁੰਦਾ ਹੈ ।

158 ਕੀ ਅਸੀਂ ਨੂੰਹ ਦੇ ਦਿਨਾਂ ਦੀ ਤਰ੍ਹਾਂ ਅਨੰਤਾ ਵਿੱਚ ਪ੍ਰਵੇਸ਼ ਕਰਾਂਗੇ ਜੱਦ ਸਿਰਫ ਅੱਠ ਪ੍ਰਾਨ ਬਚੇ ਸਨ? ਕੀ ਅਸੀਂ ਲੂਤ ਦੀ ਤਰ੍ਹਾਂ ਜਾਵਾਂਗੇ ਜੱਦ ਸਿਰਫ ਸਦੂਮ ਵਿਚੋਂ ਤਿੰਨ ਪ੍ਰਾਨ ਬਚੇ ਸਨ? ਕੀ ਅਸੀਂ ਯੁਹੰਨਾ ਬਪਤਿਸਮਾ ਦੇਣ ਵਾਲੇ ਦੇ ਦਿਨਾਂ ਵਾਂਗ ਅਨੰਤਾ ਵਿੱਚ ਜਾਵਾਂਗੇ ਜੱਦ ਸਿਰਫ ਛੇ ਵਿਸ਼ਵਾਸੀ ਸਨ? ਆਓ ਅਸੀਂ ਵਿਸ਼ਵਾਸ ਕਰੀਏ ਕਿਉਂਕਿ ਉਸਦੇ ਕੰਮ ਸੰਪੂਰਣ ਹਨ! ਉਹ ਹਰ ਰੋਜ ਸਾਡੇ ਸਾਹਮਣੇ ਸਿੱਧਤਾ ਨਾਲ ਪ੍ਰਗਟ ਹੁੰਦੇ ਹਨ ਅਤੇ ਇਹ ਦਿਖਾਉਂਦੇ ਹਨ ਕਿ ਉਹ ਵਚਨ ਹੈ! ਇਬਰਾਨੀਆਂ 4 ਅਧਿਆਏ ਵਿੱਚ ਲਿਖਿਆ ਹੈ ।

*...ਪਰਮੇਸ਼ੁਰ ਦਾ ਵਚਨ ਜਿਉਂਦਾ ਅਤੇ ਗੁਣਕਾਰ ਅਤੇ ਹਰੇਕ ਦੋ ਧਾਰੀ ਤਲਵਾਰ ਨਾਲੋਂ ਤਿੱਖਾ ਹੈ,...ਅਤੇ ਮਨ ਦੀਆਂ ਵਿਚਾਰਾਂ ਅਤੇ ਧਾਰਨਾ ਨੂੰ ਜਾਂਚ ਲੈਂਦਾ ਹੈ ।*

159 ਇਸ ਬਾਰੇ ਸੋਚੋ! ਪਰਮੇਸ਼ੁਰ ਦਾ ਵਚਨ *ਇਹ* ਹੈ, ਉਹ ਮਨ ਦੀਆਂ ਧਾਰਨਾਂ ਨੂੰ ਜਾਂਚ ਲੈਂਦਾ ਹੈ । "ਕਿਉਂਕਿ ਪਰਮੇਸ਼ੁਰ ਦਾ ਵਚਨ ਜਿਉਂਦਾ ਅਤੇ ਗੁਣਕਾਰ ਅਤੇ ਹਰੇਕ ਦੋ ਧਾਰੀ ਤਲਵਾਰ ਨਾਲੋਂ ਤਿੱਖਾ ਹੈ ਅਤੇ ਜੀਵ ਅਤੇ ਆਤਮਾ ਨੂੰ ਅਰ ਬੰਦ ਬੰਦ ਅਤੇ ਗੁੱਦੇ ਨੂੰ ਅੱਡੋ ਅੱਡ ਕਰ ਕੇ ਵਿੰਨ੍ਹ ਸੁੱਟਦਾ ਹੈ ਅਤੇ ਮਨ ਦੀਆਂ ਵਿਚਾਰਾਂ ਅਤੇ ਧਾਰਨਾਂ ਨੂੰ ਜਾਂਚ ਲੈਂਦਾ ਹੈ" । ਵਚਨ ਦੇਹਧਾਰੀ ਹੋਇਆ! ਹਲਲੂਯਾਹ! ਪਰਮੇਸ਼ੁਰ ਦਾ ਵਚਨ ਮਨੁਖੀ ਦੇਹ ਵਿੱਚ ਭੌਤਿਕ ਅਤੇ ਵਚਨ ਦੇ ਨਿਸ਼ਾਨਾਂ ਦੁਆਰਾ ਕੰਮ ਕਰ ਰਿਹਾ ਹੈ ਤਾਂ ਕਿ ਉਹ ਤੁਹਾਨੂੰ ਸਿੱਧਤਾ ਵਿੱਚ ਉਠਾਏ ਜਾਣ ਲਈ ਤੁਹਾਡੇ ਅੰਦਰ ਸਿੱਧ ਵਿਸ਼ਵਾਸ ਲਿਆ ਸਕੇ ।

160 ਕਿਉਂ ਅਸੀਂ ਇਸ ਵਲ ਨਹੀਂ ਵੇਖ ਸਕਦੇ? ਇਹ ਕੋਈ ਭੇਤ ਨਹੀਂ ਹੈ । ਇਸ ਸੰਸਾਰ ਵਿੱਚ ਸ਼ਤਾਨ ਨੇ ਤੁਹਾਡੇ ਸਾਹਮਣੇ ਸਾਰੀਆਂ ਦੁਨਿਆਵੀ ਚੀਜਾਂ ਲਿਆ ਕੇ ਰੱਖ ਦਿੱਤੀਆਂ ਹਨ ਤਾਂਕਿ ਉਹ ਇਹਨਾਂ ਦੁਆਰਾ ਤੁਹਾਨੂੰ ਵਚਨ ਵਿੱਚ ਵਿਸ਼ਵਾਸ ਕਰਨ ਤੋਂ ਰੋਕੇ । ਉਹ ਤੁਹਾਨੂੰ ਸਭਾਵਾਂ ਵਿੱਚ ਲੈ ਕੇ ਜਾਵੇਗਾ ਅਤੇ ਤੁਹਾਡੇ ਸਾਹਮਣੇ ਜਿੰਨੀਆਂ ਵੀ ਚੀਜਾਂ ਉਹ ਰੱਖ ਸਕਦਾ ਹੈ, ਉਹ ਰਖੇਗਾ । ਤੁਸੀਂ ਇਹਨਾਂ ਨੂੰ ਝਾੜ ਕੇ ਆਪਣੇ ਤੋਂ ਦੂਰ ਸੁੱਟ ਦਿਓ! ਬਾਈਬਲ ਆਖਦੀ ਹੈ, "ਉਠੋ ਅਤੇ ਆਪਣੇ ਆਪ ਨੂੰ ਹਿਲਾਓ" । ਆਪਣੇ ਆਪ ਨੂੰ ਚੂੰਢੀ ਵੱਢੋ ।

161 ਉਸਦੀ ਆਤਮਾ ਇਥੇ ਹੈ, ਉਹ ਤੁਹਾਨੂੰ ਜਾਣਦਾ ਹੈ । ਤੁਸੀਂ ਇੱਕ ਹੀ ਕੰਮ ਕਰਨਾ ਹੈ ਅਤੇ ਉਹ ਇਹ ਹੈ ਕਿ ਤੁਸੀਂ ਉਸ ਤੇ ਵਿਸ਼ਵਾਸ ਕਰੋ ਅਤੇ ਉਸ ਨੂੰ ਸਵੀਕਾਰ ਕਰੋ । ਉਹ ਜਾਣਦਾ ਹੈ । ਕੀ ਤੁਸੀਂ ਵਿਸ਼ਵਾਸ ਕਰਦੇ ਹੋ? ਉਹ ਜਾਣਦਾ ਹੈ ਕਿ ਤੁਹਾਡੇ ਅੰਦਰ ਕੀ ਹੈ, ਉਹ ਜਾਣਦਾ ਹੈ ਕਿ ਤੁਸੀਂ ਕੌਣ ਹੋ, ਉਹ ਜਾਣਦਾ ਹੈ ਕਿ ਤੁਹਾਡੀ ਕੀ ਇੱਛਾ ਹੈ, ਉਹ ਜਾਣਦਾ ਹੈ ਤੁਹਾਨੂੰ ਕਿਸ ਚੀਜ ਦੀ ਲੋੜ ਹੈ ।

162 ਜਿਮ, ਕੀ ਤੂੰ ਵਿਸ਼ਵਾਸ ਕਰਦਾ ਹੈਂ ਕਿ ਉਹ ਉਸ ਛੋਟੇ ਬਚੇ ਬਾਰੇ ਜਾਣਦਾ ਹੈ? ਇਥੇ ਆਉਣ ਤੋਂ ਪਹਿਲਾਂ ਜੱਦ ਤੁਸੀਂ ਉਸਦਾ ਬੁਖਾਰ ਮਾਪਿਆ ਸੀ ਤਾਂ ਉਹ ਇਕ ਸੋ ਪੰਜ ਡਿਗਰੀ ਸੀ । ਕੀ ਤੂੰ ਵਿਸ਼ਵਾਸ ਕਰਦਾ ਹੈਂ ਕਿ ਉਹ ਇਸ ਬਚੇ ਨੂੰ ਚੰਗਾ ਕਰ ਦੇਵੇਗਾ? ਅੱਜ ਹੀ ਉਹ

ਬੁਖਾਰ ਉਸ ਨੂੰ ਛੱਡ ਦੇਵੇਗਾ। ਮੈਂ ਜਦ ਉਧਰ ਧਿਆਨ ਮਾਰਿਆ ਤਾਂ ਮੈਂ ਵੇਖਿਆ ਕਿ ਉਹਨਾਂ ਘਰ ਛੱਡਣ ਤੋਂ ਪਹਿਲਾਂ ਕੀ ਕੀਤਾ ਸੀ। ਹੁਣ, ਇਹ ਸੱਚ ਹੈ।

163 ਸ਼੍ਰੀਮਤੀ ਲਿਟਲ, ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਪਰਮੇਸ਼ੁਰ ਤੁਹਾਨੂੰ ਸ਼ਕਰ ਰੋਗ ਤੋਂ ਚੰਗਾ ਕਰੇਗਾ? ਤੁਹਾਡੇ ਨਾਲ ਇੱਕ ਔਰਤ ਬੈਠੀ ਹੋਈ ਹੈ, ਜਿਸ ਨੂੰ ਤੁਸੀਂ ਨਹੀਂ ਜਾਣਦੇ ਪਰ ਆਤਮਾ ਉਸ ਦੇ ਉਪਰ ਹੈ। ਉਹ ਕਿਸੇ ਛੋਟੇ ਬਚੇ ਬਾਰੇ ਚਿੰਤਾ ਵਿੱਚ ਹੈ...ਉਸਦਾ ਇੱਕ ਬੱਚਾ ਹੈ ਜਿਸਦੀ ਅੱਖ ਜਾਂ ਕਿਸੇ ਹੋਰ ਚੀਜ ਦਾ ਓਪਰੇਸ਼ਨ ਹੋਣਾ ਹੈ। ਉਹ ਸ਼ਿਕਾਗੋ ਤੋਂ ਹੈ। "ਪਰਮੇਸ਼ੁਰ ਦਾ ਵਚਨ ਜਿਉਂਦਾ ਅਤੇ ਗੁਣਕਾਰ ਅਤੇ ਹਰੇਕ ਦੋ ਧਾਰੀ ਤਲਵਾਰ ਨਾਲੋਂ ਤਿੱਖਾ ਹੈ,...ਅਤੇ ਮਨ ਦੀਆਂ ਵਿਚਾਰਾਂ ਅਤੇ ਧਾਰਨਾ ਨੂੰ ਜਾਂਚ ਲੈਂਦਾ ਹੈ"। ਇਹ ਕੀ ਹੈ? ਇਹ ਵਚਨ ਹੈ! ਕੀ ਤੁਸੀਂ ਵਿਸ਼ਵਾਸ ਕਰਦੇ ਹੋ? ਯਕੀਨਨ।

164 ਉਥੇ ਅਗਲੀ ਕਤਾਰ ਵਿੱਚ ਇੱਕ ਔਰਤ ਬੈਠੀ ਹੋਈ ਹੈ ਜਿਸਦਾ ਹਾਲ ਵਿੱਚ ਹੀ ਅੱਖ ਦਾ ਓਪਰੇਸ਼ਨ ਹੋਇਆ ਹੈ, ਪਰ ਇਹ ਜਿਆਦਾ ਸਹੀ ਨਹੀਂ ਹੋਇਆ। ਪਰ ਕੀ ਤੂੰ–ਤੂੰ ਵਿਸ਼ਵਾਸ ਕਰਦੀ ਹੈਂ ਕੀ ਇਹ...ਤੂੰ ਪੂਰੀ ਤਰ੍ਹਾਂ ਠੀਕ ਹੋ ਜਾਵੇਂਗੀ। ਕੀ ਤੂੰ ਵਿਸ਼ਵਾਸ ਕਰਦੀ ਹੈਂ? ਸਭ ਠੀਕ ਹੈ। ਉਹ ਇਸ ਬਾਰੇ ਸੋਚ ਰਹੀ ਹੈ।

165 ਸ੍ਰੀਮਤੀ ਪੈਕਣਪੌਂਗ, ਤੁਸੀਂ ਇਥੇ ਆਪਣੇ ਲਈ ਨਹੀਂ ਪਰ ਆਪਣੇ ਪੋਤੇ ਲਈ ਇਥੇ ਬੈਠੇ ਹੋਏ ਹੋ। ਤੁਸੀਂ ਇਸ ਬਾਰੇ ਪ੍ਰਾਰਥਨਾ ਕਰ ਰਹੇ ਹੋ ਪਰ ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਪਰਮੇਸ਼ੁਰ ਉਸ ਨੂੰ ਚੰਗਾ ਕਰ ਦੇਵੇਗਾ? ਕੀ ਤੂੰ ਵਿਸ਼ਵਾਸ ਕਰਦੀ ਹੈਂ ਕਿ ਪਰਮੇਸ਼ੁਰ ਇਹ ਦੱਸ ਸਕਦਾ ਹੈ ਕਿ ਉਸਦੀ ਕੀ ਸਮੱਸਿਆ ਹੈ। ਡਾਕਟਰ ਵੀ ਇਹ ਨਹੀਂ ਜਾਣਦੇ। ਇਹ ਸਹੀ ਹੈ। ਉਸਦੇ ਫੇਫੜਿਆਂ ਵਿੱਚ ਸੋਜ ਹੈ। ਇਹ ਸਹੀ ਹੈ। ਅਤੇ ਉਸਦਾ ਲਹੂ ਵਹਿੰਦਾ ਹੈ। ਠੀਕ ਹੈ ਨਾ! ਉਹ ਉਲਝਣ ਵਿੱਚ ਹਨ ਕਿ ਉਸ ਨੂੰ ਸਕੂਲ ਭੇਜਿਆ ਜਾਵੇ ਜਾਂ ਨਾ। "ਜਿਉਂਦਾ, ਗੁਣਕਾਰ ਅਤੇ ਦੋ ਧਾਰੀ ਤਲਵਾਰ ਨਾਲੋਂ ਵੀ ਤਿੱਖਾ"।

166 ਮੈਂ ਇੱਕ ਔਰਤ ਨੂੰ ਵੇਖ ਰਿਹਾ ਹਾਂ ਜੋ ਆਪਣਾ ਭੋਜਨ ਖਾਣਾ ਛੱਡ ਚੁਕੀ ਹੈ। ਉਹ ਇਥੇ ਕਿਤੇ ਹੈ, ਮੈਂ ਉਸਦੇ ਚਿਹਰੇ ਨੂੰ ਲਭਣ ਦੀ ਕੋਸ਼ਿਸ ਕਰ ਰਿਹਾ ਹਾਂ। ਹਾਂ, ਉਹ ਉਥੇ ਪਿਛੇ ਬੈਠੀ ਹੋਈ ਹਿਆ। ਉਸਦਾ ਨਾਮ ਸ੍ਰੀਮਤੀ ਲੀ ਏਲੇਨ ਹੈ। ਆਪਣੇ ਪੂਰੇ ਦਿਲ ਨਾਲ ਵਿਸ਼ਵਾਸ ਕਰੋ ਕਿ ਤੁਹਾਡੀ ਪੇਟ ਦੀ ਤਕਲੀਫ਼ ਤੁਹਾਨੂੰ ਛੱਡ ਜਾਵੇਗੀ। ਆਮੀਨ!

167 ਉਥੇ ਹੀ ਉਸਦੇ ਨੇੜੇ ਇੱਕ ਔਰਤ ਬੈਠੀ ਹੋਈ ਹੈ ਜੋ ਹੁਣ ਮੇਰੇ ਵਲ ਵੇਖ ਰਹੀ ਹੈ, ਉਹ ਪਿਛੇ ਬੈਠੀ ਹੋਈ ਹੈ; ਉਸਨੇ ਐਨਕ ਲਗਾਈ ਹੋਈ ਹੈ। ਉਸ ਨੂੰ ਜੋੜ੍ਹਾਂ ਵਿੱਚ ਦਰਦ ਹੈ। ਇਹ ਤੁਹਾਡੇ ਖੱਬੇ ਹੱਥ ਵਿੱਚ ਹੈ, ਇਹ ਸੀ ਪਰ ਹੁਣ ਇਹ ਨਹੀਂ ਹੈ। ਹਾਂ, ਜੇਕਰ ਤੂੰ ਵਿਸ਼ਵਾਸ ਕਰਦੀ ਹੈਂ!

168 ਉਸਦੇ ਪਿਛੇ ਉਸ ਛੋਟੇ ਬੱਚੇ ਬਾਰੇ ਕੀ ਹੈ? ਉਹ ਓਹੀਓ ਤੋਂ ਆਇਆ ਹੈ; ਉਸਦੀ ਅੱਖ ਵਿੱਚ ਕੈਂਸਰ ਹੈ। ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਪਰਮੇਸ਼ੁਰ ਉਸ ਨੂੰ ਚੰਗਾ ਕਰੇਗਾ? ਉਹ ਇਹ ਕਰੇਗਾ, ਤੁਸੀਂ ਇਹ ਵਿਸ਼ਵਾਸ ਕਰਦੇ ਹੋ। ਐਸ਼ਲੈਂਡ, ਓਹੀਓ! ਹੁਣ ਕੀ ਤੂੰ ਵਿਸ਼ਵਾਸ ਕਰਦਾ ਹੈਂ ਕਿ ਪਰਮੇਸ਼ੁਰ ਤੈਨੂੰ ਚੰਗਾ ਕਰ ਦੇਵੇਗਾ ਅਤੇ ਉਹ ਕਰ ਦੇਵੇਗਾ। ਇਹ ਕੀ ਹੈ? "ਗੁਣਕਾਰ ਅਤੇ ਦੋ ਧਾਰੀ ਤਲਵਾਰ ਨਾਲੋਂ ਵੀ ਤਿੱਖਾ...

169 ਉਥੇ ਇੱਕ ਔਰਤ ਬੈਠੀ ਹੈ, ਉਸਨੂੰ ਕਿਸੇ ਚੀਜ ਨੇ ਛੁਹਿਆ ਹੈ, ਉਸਦੇ ਮੋਢੇ ਵਿੱਚ ਤਕਲੀਫ਼ ਹੈ। ਇਹ ਸਹੀ ਹੈ। ਕੀ ਇਹ ਸਹੀ ਹੈ? ਠੀਕ ਹੈ, ਵਿਸ਼ਵਾਸ ਕਰੋ ਅਤੇ ਇਹ

ਤਕਲੀਫ਼ ਤੁਹਾਨੂੰ ਛੱਡ ਜਾਵੇਗੀ । ਵੇਖਿਆ? "ਪਰਮੇਸ਼ੁਰ ਦਾ ਵਚਨ ਮਨ ਦੀਆਂ ਵਿਚਾਰਾਂ ਅਤੇ ਧਾਰਨਾਂ ਨੂੰ ਜਾਂਚ ਲੈਂਦਾ ਹੈ" ।

170 ਹੁਣ ਇਸ ਇਮਾਰਤ ਵਿੱਚ ਕਿਸੇ ਕੋਲ ਪ੍ਰਾਰਥਨਾ ਕਾਰਡ ਨਹੀਂ ਹੈ । ਅਸੀਂ ਕਿਸੇ ਨੂੰ ਪ੍ਰਾਰਥਨਾ ਕਾਰਡ ਨਹੀਂ ਦਿੱਤੇ । ਅਸੀਂ ਇਹਨਾਂ ਦਾ ਤਦ ਤੱਕ ਇਸਤੇਮਾਲ ਨਹੀਂ ਕਰਦੇ ਜੱਦ ਤੱਕ ਵਿਵਸਥਾ ਬਨਾਏ ਰਖਣ ਲਈ ਇਹਨਾਂ ਦੀ ਲੋੜ ਨਾ ਹੋਵੇ । ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਲਈ ਪ੍ਰਾਰਥਨਾ ਕੀਤੀ ਜਾਵੇ? ਕਿੰਨੇ ਚਾਹੁੰਦੇ ਹਨ ਕਿ ਉਹਨਾਂ ਲਈ ਪ੍ਰਾਰਥਨਾ ਕੀਤੀ ਜਾਵੇ ਜੱਦ ਵਚਨ ਦੇਹ ਵਿਚੋਂ ਪ੍ਰਗਟ ਹੋ ਰਿਹਾ ਹੈ? ਹੁਣ ਇਹ ਕਤਾਰ ਉਠੇ ਅਤੇ ਇਸ ਰਸਤੇ ਆ ਜਾਵੇ, ਜੋ ਪ੍ਰਾਰਥਨਾ ਕਰਵਾਉਣੀ ਚਾਹੁੰਦੇ ਹਨ । ਫਿਰ ਮੈਂ ਚਾਹੁੰਦਾ ਹਾਂ ਕਿ ਇਹਨਾਂ ਬਾਹਰਲੀਆਂ ਕੁਰਸੀਆਂ ਵਾਲੇ ਲੋਕ ਉਹਨਾਂ ਦੇ ਪਿਛੇ ਆਉਣ । ਅਤੇ ਜੱਦ ਉਹ ਲੰਘ ਜਾਣ ਤਾਂ ਉਹਨਾਂ ਤੋਂ ਬਾਅਦ ਇਸ ਪਾਸੇ ਵਾਲੇ ਆ ਜਾਣ ।

171 "ਜਿਉਂਦਾ, ਗੁਣਕਾਰ,..." ਕੀ ਕੋਈ ਦੋ ਧਾਰੀ ਤਲਵਾਰ ਇਹ ਕਰ ਸਕਦੀ ਹੈ? ਜੀ ਨਹੀਂ ਸ਼੍ਰੀਮਾਨ! ਪਰ ਪਰਮੇਸ਼ੁਰ ਦਾ ਵਚਨ ਇਹ ਕਰ ਸਕਦਾ ਹੈ । ਕਿਓਂ? ਕਿਓਂਕਿ ਇਹ ਪਰਮੇਸ਼ੁਰ ਦਾ ਵਚਨ ਹੈ । ਕੀ ਹੁਣ ਤੁਸੀਂ ਵਿਸ਼ਵਾਸ ਕਰਦੇ ਹੋ?

172 *ਮਹਾਨ ਡਾਕਟਰ!* ਉਹ ਤਨੀਸੀ ਤੋਂ ਆਉਣ ਵਾਲੀ ਭੈਣ ਉੱਗਰੇਨ ਕਿਥੇ ਹੈ? "ਉਹ ਮਹਾਨ ਡਾਕਟਰ ਹੁਣ ਨੇੜੇ ਹੈ" ।

173 ਮੈਂ ਫੋਰਟ ਵਿਆਨਾ ਵਿੱਚ ਉਹ ਰਾਤ ਨਹੀਂ ਭੁਲ ਸਕਦਾ ਜਦ ਛੋਟੀ ਅਮਿਸ਼ ਜਾਂ ਡਨਕਰਡ ਲੜਕੀ ਉਥੇ ਬੈਠੀ ਹੋਈ ਸੀ ਅਤੇ "ਉਹ ਮਹਾਨ ਡਾਕਟਰ ਹੁਣ ਨੇੜੇ ਹੈ" ਦੀ ਧੁੰਨ ਵਜਾ ਰਹੀ ਸੀ । ਉਸ ਨੂੰ ਸੁਣ ਕੇ ਇੱਕ ਛੋਟਾ ਲੜਕਾ ਠੀਕ ਹੋ ਗਿਆ, ਪਵਿੱਤਰ ਆਤਮਾ ਉਸ ਲੜਕੀ ਉੱਤੇ ਆ ਗਿਆ ਅਤੇ ਉਹ ਉਛਲ ਪਈ, ਉਸਦੇ ਸੁੰਦਰ ਵਾਲ ਉਸਦੇ ਮੋਢਿਆਂ ਉੱਤੇ ਲਹਿਰਾ ਰਹੇ ਸਨ ਪਰ ਪਿਆਨੋ ਵੱਜਣਾ ਬੰਦ ਨਾ ਹੋਇਆ । "ਮਹਾਨ ਡਾਕਟਰ ਹੁਣ ਨੇੜੇ ਹੈ, ਹਮਦਰਦੀਯਿਸੂ" । ਉਹ ਅਲੌਕਿਕ ਸਮਰਥ ਉਸ ਪਿਆਨੋ ਉੱਤੇ ਇਹ ਧੁੰਨ ਵਜਾ ਰਹੀ ਸੀ, "ਮਹਾਨ ਡਾਕਟਰ ਹੁਣ ਨੇੜੇ ਹੈ" ।

174 ਵੇਖੋ, ਕੀ...ਤੁਸੀਂ ਵਿਸ਼ਵਾਸ ਕਰਦੇ ਹੋ? ਤੁਹਾਨੂੰ ਵਿਸ਼ਵਾਸ ਕਰਨਾ ਚਾਹੀਦਾ ਹੈ? ਸਮਝੇ? ਹੁਣ ਯਾਦ ਰਖੋ, ਜਦੋਂ ਤੁਸੀਂ ਕਤਾਰ ਵਿਚੋਂ ਲੰਘੋਗੇ...ਹੁਣ, ਜੇਕਰ ਤੁਸੀਂ ਵਿਸ਼ਵਾਸ ਨਹੀਂ ਕਰਦੇ ਤਾਂ ਕਤਾਰ ਵਿੱਚ ਨਾ ਆਉਣਾ, ਤੁਸੀਂ ਉਥੇ ਹੀ ਬੈਠੇ ਰਹੋ । ਇਹ ਆਖੋ, "ਮੈਂ ਇਸ ਤਰ੍ਹਾਂ ਨਹੀਂ ਰਹਾਂਗਾ । ਮੈਂ ਇਸ ਤਰ੍ਹਾਂ ਡਿਗਾ ਨਹੀਂ ਰਹਾਂਗਾ । ਮੈਂ ਵਿਸ਼ਵਾਸ ਕਰਦਾ ਹਨ ਅਤੇ ਮੈਂ ਆ ਰਿਹਾ ਹਾਂ" । ਜਦੋਂ ਮੈਂ...

175 ਬਾਈਬਲ ਕਹਿੰਦੀ ਹੈ, "ਨਿਹਚਾ ਕਰਨ ਵਾਲਿਆਂ ਦੇ ਨਾਲ ਇਹ ਨਿਸ਼ਾਨ ਹੋਣਗੇ । ਜੇਕਰ ਉਹ ਬਿਮਾਰਾਂ ਉੱਤੇ ਆਪਣੇ ਹੱਥ ਰਖਣਗੇ ਤਾਂ ਉਹ ਚੰਗੇ ਹੋ ਜਾਣਗੇ" । ਇਹ ਬਿਲਕੁਲ ਸਹੀ ਹੈ । ਹੁਣ ਇਸ ਦੇ ਨਾਲ ਇੱਕ ਸ਼ਰਤ ਹੈ ਕਿ, "ਜੇਕਰ ਤੁਸੀਂ ਵਿਸਵਾਸ ਕਰਦੇ ਹੋ" । ਹੁਣ, ਮੈਂ ਇਹ ਵਿਸ਼ਵਾਸ ਕਰਦਾ ਹਾਂ । ਮੈਂ ਵਿਸ਼ਵਾਸ ਕਰਦਾ ਹਾਂ ਕਿ ਪਰਮੇਸ਼ੁਰ ਨੇ ਤੁਹਾਨੂੰ ਇਹ ਸਾਬਤ ਕਰ ਕੇ ਵਿਖਾਇਆ ਹੈ । ਤੁਸੀਂ ਵੇਖਿਆ? ਉਹ ਆਪਣੇ ਵਚਨ ਨੂੰ ਪ੍ਰਮਾਣਿਤ ਕਰਕੇ ਇਹ ਵਿਖਾਉਂਦਾ ਹੈ ਕਿ ਇਹ ਉਸਦਾ ਵਚਨ ਹੈ । ਲਿਖਤ ਇਸ ਲਈ ਪੂਰੀ ਕੀਤੀ ਜਾਂਦੀ ਹੈ ਤਾਂਕਿ ਇਹ ਸਾਬਤ ਕੀਤੀ ਜਾਵੇ । ਹੁਣ ਤੁਸੀਂ ਜੱਦ ਇਥੋਂ ਲੰਘੋ ਤਾਂ ਵਿਸ਼ਵਾਸ ਕਰਨਾ । ਕੀ

ਤੁਸੀਂ ਵਿਸ਼ਵਾਸ ਕਰੋਗੇ? ਅਤੇ ਫਿਰ ਜਦੋਂ ਮੈਂ ਆਪਣੇ ਹੱਥ ਤੁਹਾਡੇ ਉੱਤੇ ਰਖਾਂ,...ਬਾਈਬਲ ਨੇ ਇਸੇ ਤਰ੍ਹਾਂ ਕਿਹਾ ਹੈ ।

176 ਭਾਈ ਨੇਵਿਲ, ਕੀ ਤੁਹਾਡੇ ਕੋਲ ਇਥੇ ਮਸਹ ਕੀਤਾ ਹੋਇਆ ਤੇਲ ਹੈ? ਉਹ ਲੈ ਆਓ ਅਤੇ ਦੂਸਰੇ ਪਾਸੇ ਆ ਜਾਓ, ਇਸ ਤਰ੍ਹਾਂ ਅਸੀਂ ਵਚਨ ਨੂੰ ਪੂਰਾ ਕਰਾਂਗੇ । ਦੂਸਰੇ ਪਾਸੇ ਚਲੇ ਜਾਓ ਅਤੇ ਜੋ ਵੀ ਪ੍ਰਾਰਥਨਾ ਦੀ ਕਤਾਰ ਵਿੱਚ ਆਉਂਦਾ ਹੈ ਉਸ ਨੂੰ ਮਸਹ ਕਰੋ ਅਤੇ ਅਸੀਂ ਉਹਨਾਂ ਲਈ ਪ੍ਰਾਰਥਨਾ ਕਰਾਂਗੇ । ਹੁਣ, ਮੈਂ ਇਹ ਯਕੀਨੀ ਬਣਾਉਣਾ ਚਾਹੁੰਦਾ ਹਾਂ ਕਿ ਤੁਹਾਡੇ ਵਿਚੋਂ ਹਰੇਕ ਉੱਤੇ ਵਿਸ਼ਵਾਸ ਵਾਲੀ ਪ੍ਰਾਰਥਨਾ ਕੀਤੀ ਜਾਵੇ, ਹੁਣ ਜੋ ਵਿਸ਼ਵਾਸ ਕਰਦੇ ਹਨ ਆਪਣੇ ਹੱਥ ਇੱਕ ਦੂਸਰੇ ਉੱਤੇ ਰਖਾਂਗੇ । ਹੁਣ ਇਥੇ ਹੀ ਕੁਝ ਮਿੰਟਾ ਵਿੱਚ ਸਾਨੂੰ ਕੁਝ ਮਿਲਣ ਵਾਲਾ ਹੈ ।

177 ਮੈਂ ਵੇਖਣਾ ਚਾਹੁੰਦਾ ਹਾਂ ਕਿ ਜਿਸ ਚੀਜ ਵਿੱਚ ਅਸੀਂ ਵਿਸ਼ਵਾਸ ਕਰਦੇ ਹਾਂ ਮੇਰੇ ਕਲੀਸਿਯਾ ਉਸ ਵਿੱਚ ਕਿੰਨੀ ਉੱਨਤ ਹੈ; ਵੇਖਣਾ ਚਾਹੁੰਦਾ ਹਾਂ ਕਿ ਲੋਕ ਕਿੰਨੇ ਉੱਨਤ ਹਨ । ਕਿੰਨੇ ਤਲਵਾਰ ਨੂੰ ਲੈ ਕੇ ਪਹਿਲੀ ਕਤਾਰ ਵਿੱਚ ਇਹ ਕਹਿੰਦੇ ਹੋਏ ਚੱਲਣ ਲਈ ਤਿਆਰ ਹਨ, "ਸ਼ਤਾਨ, ਮੈਂ ਤੈਨੂੰ ਚੁਣੌਤੀ ਦਿੰਦਾ ਹਾਂ । ਸਮਝੇ? ਮੈਂ ਤੈਨੂੰ ਚੁਣੌਤੀ ਦਿੰਦਾ ਹਾਂ! ਤੂੰ ਮੇਰੇ ਤੋਂ ਹੋਰ ਬੇਪਰਤੀਤੀ ਨਹੀਂ ਕਰਵਾ ਸਕਦਾ" । ਇਹ ਕੰਮ ਕਿਸ ਲਈ ਕੀਤੇ ਗਏ ਹਨ? ਤਾਂਕਿ ਲੋਕ ਵਿਸ਼ਵਾਸ ਕਰਨ । ਇਹ ਵਚਨ ਹੈ । ਇਹ ਵਚਨ ਹੀ ਹੈ ਜੋ ਤੁਹਾਨੂੰ ਇਹ ਵਿਖਾਉਂਦਾ ਹੈ ਕਿ ਜੋ ਮੈਂ ਪਰਚਾਰ ਕਰ ਰਿਹਾ ਹਾਂ ਉਹ ਸੱਚਾਈ ਹੈ । ਵਚਨ ਦੇਹਧਾਰੀ ਹੋਇਆ, ਵਚਨ ਤੁਹਾਡੇ ਵਿੱਚ ਦੇਹਧਾਰੀ ਹੋਇਆ । ਵਚਨ ਨੇ ਤੁਹਾਡੇ ਅਤੇ ਮੇਰੇ ਅੰਦਰ ਜੀਵਨ ਪੈਦਾ ਕੀਤਾ । ਸਮਝੇ?

*ਮਹਾਨ ਡਾਕਟਰ!* ਸਭ ਠੀਕ ਹੈ, ਹੁਣ ਆਓ ਆਪਣੇ ਸਿਰਾਂ ਨੂੰ ਝੁਕਾਈਏ ।

178 ਪ੍ਰਭੂ ਯਿਸੂ, ਮਹਾਨ ਡਾਕਟਰ ਹੁਣ ਨੇੜੇ ਹੈ ਅਤੇ ਤੂੰ ਹੀ ਉਹ ਡਾਕਟਰ ਹੈਂ । ਮੈਂ ਤੇਰੇ ਵਚਨ ਦਾ ਪਰਚਾਰ ਕੀਤਾ ਹੈ ਅਤੇ ਤੇਰੇ ਵਚਨ ਨੇ ਇਹ ਐਲਾਨ ਕੀਤਾ ਹੈ ਕਿ ਤੂੰ ਇਥੇ ਹੈਂ । ਅਤੇ ਤੂੰ ਕਲ੍ਹ, ਅੱਜ ਅਤੇ ਯੁਗਾਂਯੁੱਗ ਇੱਕੋ ਜਿਹਾ ਹੈਂ ਅਤੇ ਤੂੰ ਕਦੇ ਅਸਫਲ ਨਹੀਂ ਹੋ ਸਕਦਾ । ਪ੍ਰਭੂ, ਤੂੰ ਸਾਨੂੰ ਵੀ ਕਦੇ ਅਸਫਲ ਨਹੀਂ ਹੋਣ ਦਿੱਤਾ । ਅਤੇ ਹੁਣ, ਉਹਨਾਂ ਸਾਰਿਆਂ ਉੱਤੇ ਪਰਮੇਸ਼ੁਰ ਦੀ ਬਰਕਤ ਠਹਿਰੇ ਜਿਹਨਾਂ ਨੇ ਆਪਣੇ ਹੱਥ ਇੱਕ ਦੂਸਰੇ ਉੱਤੇ ਰਖੇ ਹੋਏ ਹਨ । ਅਤੇ ਉਹ ਵਿਸ਼ਵਾਸੀ ਹਨ । ਅਤੇ ਜਦੋਂ ਪਾਸਟਰ ਅਤੇ ਮੈਂ ਉਹਨਾਂ ਨੂੰ ਤੇਲ ਨਾਲ ਮਸਹ ਕਰ ਰਹੇ ਹਾਂ ਅਤੇ ਉਹਨਾਂ ਨੂੰ ਕਤਾਰ ਵਿਚੋਂ ਲੰਘਾਉਂਦੇ ਹਾਂ, ਹੋਣ ਦੇ ਕਿ ਹਰੇਕ ਇਸ ਕਤਾਰ ਵਿੱਚ ਵਿਸ਼ਵਾਸ ਨਾਲ ਪ੍ਰਵੇਸ਼ ਕਰੇ ਅਤੇ ਇਹ ਜਾਣ ਲਵੇ ਕਿ ਸਵਰਗ ਦੇ ਪਰਮੇਸ਼ੁਰ ਦੀ ਹਜੂਰੀ ਇਥੇ ਹੈ । ਹੋਣ ਦੇ ਕਿ ਹਰੇਕ ਆਪਣੇ ਆਪ ਨੂੰ ਹਿਲਾਵੇ । ਪ੍ਰਭੂ, ਕੀ ਉਹਨਾਂ ਨੂੰ ਇੱਕ ਮੌਕਾ ਮਿਲ ਸਕਦਾ ਹੈ? ਬੱਸ ਇੱਕ ਵਾਰ...ਵਿਸ਼ਵਾਸ ਉਹਨਾਂ ਦੇ ਅੰਦਰ ਚਲਾ ਜਾਵੇ। ਪ੍ਰਭੂ, ਉਹਨਾਂ ਦੀਆਂ ਅੱਖਾਂ ਖੋਲ ਤਾਂਕਿ ਉਹ ਵੇਖ ਸਕਣ ਕਿ ਕੀ ਹੋ ਰਿਹਾ ਹੈ ਅਤੇ ਉਹ ਅੰਨੇ ਨਾ ਰਹਿਣ ਜਾਂ ਬੱਸ ਅਚਰਜ ਨਾ ਮੰਨਦੇ ਰਹਿਣ ਪਰ ਜੀ ਉੱਠੇ ਹੋਏ ਯਿਸੂ ਦੀ ਹਜੂਰੀ ਦੀ ਅਸਲੀਅਤ ਨੂੰ ਵੇਖ ਸਕਣ । ਪ੍ਰਭੂ, ਇਹ ਬਖਸ ਦੇ, ਯਿਸੂ ਮਸੀਹ ਦੇ ਨਾਮ ਵਿੱਚ ਮੰਗਦੇ ਹਾਂ । ਆਮੀਨ ।

179 ਮੈਂ ਤੁਹਾਨੂੰ ਯਿਸੂ ਮਸੀਹ ਦੇ ਨਾਮ ਵਿੱਚ ਚੇਤਾਵਨੀ ਦਿੰਦਾ ਹਾਂ ਕਿ ਜੇਕਰ ਤੁਹਾਡੇ ਕੋਲ ਸਿੱਧ ਵਿਸ਼ਵਾਸ ਨਹੀਂ ਹੈ ਤਾਂ ਇਸ ਕਤਾਰ ਵਿੱਚ ਨਾ ਆਉਣਾ ਕਿਉਂਕਿ ਇਸ ਤਰ੍ਹਾਂ ਕਰਕੇ ਤੁਸੀਂ ਕਿਸੇ ਹੋਰ ਦਾ ਸਮਾਂ ਲੈ ਰਹੇ ਹੋ । ਤੁਸੀਂ ਇਹ ਨਾ ਕਰਨਾ! ਅਤੇ ਮੈਂ ਜਦ ਤੋਂ ਤੁਹਾਨੂੰ ਪਰਚਾਰ ਕਰ ਰਿਹਾ ਹਾਂ ਕੀ ਮੈਂ ਕੋਈ ਅਜਿਹੀ ਗਲ ਕਹੀ ਜੋ ਪੂਰੀ ਨਾ ਹੋਈ ਹੋਵੇ? ਠੀਕ ਉਸੇ ਤਰ੍ਹਾਂ ਹੀ! ਪਰਮੇਸ਼ੁਰ ਨੇ ਉਹ ਕੀਤਾ । ਮੈਂ ਵਿਸ਼ਵਾਸ ਕਰਦਾ ਹਾਂ ਕਿ ਇਹ ਉਸਨੇ ਮੇਰੇ

ਲਈ ਨਹੀਂ ਕੀਤਾ। ਉਸਨੇ ਇਹ ਤੁਹਾਡੇ ਲਈ ਕੀਤਾ ਤਾਂਕਿ ਤੁਸੀਂ ਵਿਸ਼ਵਾਸ ਕਰ ਸਕੋ ਕਿ ਜੋ ਮੈਂ ਤੁਹਾਨੂੰ ਦੱਸ ਰਿਹਾ ਹਾਂ ਉਹ ਸੱਚ ਹੈ। ਹੁਣ ਤੁਸੀਂ ਇਹ ਵਿਸ਼ਵਾਸ ਕਰਦੇ ਹੋ ਤਾਂ ਇਹ ਸਭ ਠੀਕ ਹੋ ਜਾਵੇਗਾ ਅਤੇ ਇਹ...ਤੁਸੀਂ ਠੀਕ ਹੋ ਜਾਵੋਗੇ। ਜਦੋਂ ਤੁਸੀਂ ਇਥੇ ਆਵੋ ਤਾਂ ਆਪਣੇ ਅਵਿਸ਼ਵਾਸ ਨੂੰ ਇਸ...ਆਤਮਿਕ ਝੋਲੇ ਵਿੱਚ ਪਾ ਦੇਣਾ। ਤੁਸੀਂ ਇਥੇ ਕੋਈ ਝੋਲਾ ਨਹੀਂ ਵੇਖ ਰਹੇ ਪਰ ਇਹ ਇਥੇ ਹੀ ਹੈ। ਜਦੋਂ ਉਹ ਤੇਲ ਤੁਹਾਨੂੰ ਲਗਾਇਆ ਜਾਵੇ ਤਦ ਠੀਕ ਉਸੇ ਥਾਂ ਆਪਣੇ ਅਵਿਸ਼ਵਾਸ ਨੂੰ ਤਿਆਗ ਦੇਣਾ। ਉਸਨੂੰ ਉਥੇ ਜਮਾਂ ਕਰ ਦੇਣਾ ਅਤੇ ਇਹ ਸਿੱਧ ਵਿਸ਼ਵਾਸ ਲੈ ਕੇ ਜਾਣਾ ਕਿ ਤੁਸੀਂ ਚੰਗੇ ਹੋ ਗਏ ਹੋ। ਕੀ ਤੁਸੀਂ ਇਹ ਕਰੋਗੇ? ਤਾਂ ਫਿਰ ਪਰਮੇਸ਼ੁਰ ਤੁਹਾਨੂੰ ਬਰਕਤ ਦੇਵੇ।

180 ਸਭ ਠੀਕ ਹੈ, ਮੈਂ ਕਿਸੇ ਨੂੰ ਬੁਲਾਉਣਾ ਚਾਹੁੰਦਾ ਹਾਂ ਜੋ ਗੀਤ ਗਾ ਸਕਦਾ ਹੋਵੇ, ਤਾਂਕਿ... ਭਾਈ, ਉਹ ਮਹਾਨ ਪਰਚਾਰਕ ਕਿਥੇ ਹੈ, ਉਹ...? ਉਸਦਾ ਕੀ ਨਾਮ ਸੀ? ਭਾਈ ਕੈਪਸ। ਕੀ ਉਹ ਕਤਾਰ ਵਿੱਚ ਹੈ? ਉਹ ਕੀ ਹੈ? ਭਾਈ ਕੈਪਸ, ਜੱਦ ਅਸੀਂ ਸਾਰੇ ਪ੍ਰਾਰਥਨਾ ਕਰ ਰਹੇ ਹਾਂ, ਤੁਸੀਂ ਇਥੇ ਆ ਜਾਓ ਅਤੇ ਇਹ ਗੀਤ ਨੂੰ ਗਾਓ, "ਉਹ ਮਹਾਨ ਡਾਕਟਰ ਹੁਣ ਨੇੜੇ ਹੈ"।

181 ਜੱਦ ਭਾਈ ਇਸ ਗੀਤ ਨੂੰ ਗਾ ਰਿਹਾ ਹੈ ਅਸੀਂ ਸਾਰੇ ਇਸ ਨੂੰ ਆਪਣੇ ਦਿਲ ਤੋਂ ਗਾਵਾਂਗੇ। ਬੱਸ ਗਾਵੋ ਹੀ ਨਾ ਪਰ ਇਹ ਕਹੋ, "ਮੈਂ ਗਾਵਾਂਗਾ, 'ਮਹਾਨ ਡਾਕਟਰ ਹੁਣ ਨੇੜੇ ਹੈ, ਹਮਦਰਦੀ ਯਿਸੂ। ਬੋਲੋ, ਕੁਮਲਾਏ ਦਿਲਾਂ ਨੂੰ ਖੁਸ਼ ਕਰਨ ਵਾਲਾ, ਹਮਦਰਦੀ ਯਿਸੂ'" [ਭਾਈ ਬ੍ਰਾਨਹਾਮ ਗੈਰ ਸੰਵੇਦਨਸ਼ੀਲ ਤਰੀਕੇ ਨਾਲ ਗਾ ਕੇ ਦੱਸਦੇ ਹਨ–ਸੰਪਾਦਕ] ਔਹ, ਔਹ, ਔਹ, ਮੇਰੇ!

182 ਆਪਣੇ ਜਬਾੜੇ ਦਾ ਪੂਰਾ ਜੋਰ ਲਗਾ ਕੇ ਗਾਵੋ! ਆਪਣੇ ਪੈਰਾਂ ਤੇ ਖਲੋ ਜਾਵੋ। ਵਚਨ ਦਾ ਭੈ ਮੰਨੋ। "ਹਾਂ, ਮਹਾਨ ਡਾਕਟਰ ਇਥੇ ਹੈ, ਹਮਦਰਦੀ ਯਿਸੂ!" ਉਹ ਸਾਬਤ ਕਰ ਰਿਹਾ ਹੈ ਕਿ ਉਹ ਇਥੇ ਹੈ! ਮੈਂ ਉਸ ਤੇ ਵਿਸ਼ਵਾਸ ਕਰਦਾ ਹਾਂ। ਆਮੀਨ।

183 ਸਭ ਠੀਕ ਹੈ। ਆਉਣ ਦਿਓ...ਜਿਨਾਂ ਕੋਲ ਵਿਸ਼ਵਾਸ ਹੈ ਉਹਨਾਂ ਨੂੰ ਅੱਗੇ ਆਉਣ ਦਿਓ।

184 ਯਿਸੂ ਮਸੀਹ ਦੇ ਨਾਮ ਵਿੱਚ ਮੈਂ ਆਪਣੇ ਹੱਥ ਇਸ ਔਰਤ ਉੱਤੇ ਰਖਦਾ ਹਾਂ।

ਯੀਸ਼ੂ ਮਸੀਹ ਦੇ ਨਾਮ ਵਿੱਚ ਮੈਂ ਇਸ ਬਿਮਾਰੀ ਨੂੰ ਝਿੜਕਦਾ ਹਾਂ।

185 ਯਿਸੂ ਮਸੀਹ ਦੇ ਨਾਮ ਵਿੱਚ ਮੈਂ ਆਪਣੇ ਹੱਥ ਇਸ ਭਾਈ ਉੱਤੇ, ਉਸਦੀ ਚੰਗਾਈ ਲਈ ਰਖਦਾ ਹਾਂ।

186 ਯਿਸੂ ਮਸੀਹ ਦੇ ਨਾਮ ਵਿੱਚ ਮੈਂ ਇਸ ਭੈਣ ਦੀ ਚੰਗਾਈ ਲਈ ਆਪਣੇ ਹੱਥ ਇਸ ਉੱਤੇ ਰਖਦਾ ਹਾਂ।

187 ਯਿਸੂ ਮਸੀਹ ਦੇ ਨਾਮ ਵਿੱਚ ਮੈਂ ਇਸ ਭਰਾ ਦੀ ਚੰਗਾਈ ਲਈ ਆਪਣੇ ਹੱਥ ਇਸ ਉੱਤੇ ਰਖਦਾ ਹਾਂ।

ਯਿਸੂ ਮਸੀਹ ਦੇ ਨਾਮ ਵਿੱਚ ਮੈਂ ਇਸ ਭੈਣ ਦੀ ਚੰਗਾਈ ਲਈ ਆਪਣੇ ਹੱਥ ਇਸ ਉੱਤੇ ਰਖਦਾ ਹਾਂ।

ਯਿਸੂ ਮਸੀਹ ਦੇ ਨਾਮ ਵਿੱਚ ਮੈਂ ਆਪਣੇ ਹੱਥ ਇਸ ਭਰਾ ਉੱਤੇ ਰਖਦਾ ਹਾਂ।

ਯਿਸੂ ਮਸੀਹ ਦੇ ਨਾਮ ਵਿੱਚ ਮੈਂ ਆਪਣੇ ਹੱਥ ਇਸ ਭੈਣ ਉੱਤੇ ਰਖਦਾ ਹਾਂ।

ਯਿਸੂ ਮਸੀਹ ਦੇ ਨਾਮ ਵਿੱਚ ਮੈਂ ਆਪਣੇ ਹੱਥ ਇਸ ਭਰਾ ਉੱਤੇ ਰਖਦਾ ਹਾਂ।

ਯਿਸੂ ਮਸੀਹ ਦੇ ਨਾਮ ਵਿੱਚ ਮੈਂ ਆਪਣੇ ਹੱਥ ਇਸ ਭੈਣ ਉੱਤੇ ਰਖਦਾ ਹਾਂ।

188 ਯਿਸੂ ਮਸੀਹ ਦੇ ਨਾਮ ਵਿੱਚ ਮੈਂ ਇਸ ਭਰਾ ਦੀ ਚੰਗਾਈ ਲਈ ਆਪਣੇ ਹੱਥ ਇਸ ਉੱਤੇ ਰਖਦਾ ਹਾਂ।

ਯਿਸੂ ਮਸੀਹ ਦੇ ਨਾਮ ਵਿੱਚ ਮੈਂ ਆਪਣੇ ਹੱਥ ਇਸ ਭੈਣ ਉੱਤੇ ਰਖਦਾ ਹਾਂ।

ਯਿਸੂ ਦੇ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ।

ਯਿਸੂ ਮਸੀਹ ਦੇ ਨਾਮ ਵਿੱਚ!

ਯਿਸੂ ਦੇ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ।

ਯਿਸੂ ਦੇ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ।

ਯਿਸੂ ਦੇ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ।

ਯਿਸੂ ਦੇ ਨਾਮ ਵਿੱਚ ਮੇਰੇ ਭਰਾ ਨੂੰ ਚੰਗਾ ਕਰ।

ਯਿਸੂ ਦੇ ਨਾਮ ਵਿੱਚ ਮੇਰੇ ਭਰਾ ਨੂੰ ਚੰਗਾ ਕਰ।

ਯਿਸੂ ਦੇ ਨਾਮ ਵਿੱਚ ਮੇਰੇ ਭਰਾ ਨੂੰ ਚੰਗਾ ਕਰ।

ਯਿਸੂ ਦੇ ਨਾਮ ਵਿੱਚ ਮੇਰੇ ਭਰਾ ਨੂੰ ਚੰਗਾ ਕਰ।

189 ਯਿਸੂ ਮਸੀਹ ਦੇ ਨਾਮ ਵਿੱਚ ਮੇਰਾ ਭਰਾ ਚੰਗਾ ਹੋ ਜਾਵੇ।

ਯਿਸੂ ਦੇ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ।

ਯਿਸੂ ਦੇ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ।

ਯਿਸੂ ਦੇ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ।

ਯਿਸੂ ਦੇ ਨਾਮ ਵਿੱਚ!

ਯਿਸੂ ਦੇ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ।

ਯਿਸੂ ਦੇ ਨਾਮ ਵਿੱਚ ਮੇਰੇ ਭਰਾ ਨੂੰ ਚੰਗਾ ਕਰ।

190 ਯਿਸੂ ਦੇ ਨਾਮ ਵਿੱਚ, ਮੇਰਾ ਭਰਾ ਚੰਗਾ ਹੋ ਜਾਵੇ। ਉਹ ਠੀਕ ਹੋ ਜਾਵੇ।

ਯਿਸੂ ਦੇ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ।

ਯਿਸੂ ਦੇ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ।

ਯਿਸੂ ਦੇ ਨਾਮ ਵਿੱਚ ਮੇਰੇ ਭਰਾ ਨੂੰ ਚੰਗਾ ਕਰ।

ਯਿਸੂ ਦੇ ਨਾਮ ਵਿੱਚ ਮੇਰੇ ਭਰਾ ਨੂੰ ਚੰਗਾ ਕਰ।

ਯਿਸੂ ਦੇ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ।

ਯਿਸੂ ਦੇ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ।

ਯਿਸੂ ਦੇ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ।

ਯਿਸੂ ਦੇ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ।

ਯਿਸੂ ਦੇ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ।

ਯਿਸੂ ਦੇ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ।
ਯਿਸੂ ਦੇ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ।
ਯਿਸੂ ਦੇ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ।
ਯਿਸੂ ਦੇ ਨਾਮ ਵਿੱਚ ਮੇਰੇ ਭਰਾ ਨੂੰ ਚੰਗਾ ਕਰ ।
191 ਯਿਸੂ ਨਾਮ ਵਿੱਚ ਇਹ ਬੱਚਾ ਚੰਗਾ ਹੋ ਜਾਵੇ । ਪ੍ਰਭੂ ਇਹ ਬਖਸ ਦੇ ।
ਯਿਸੂ ਦੇ ਨਾਮ ਵਿੱਚ ਮੇਰੇ ਭਰਾ ਨੂੰ ਚੰਗਾ ਕਰ ।
ਯਿਸੂ ਦੇ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ।
ਯਿਸੂ ਦੇ ਨਾਮ ਵਿੱਚ ਮੇਰੇ ਭਰਾ ਨੂੰ ਚੰਗਾ ਕਰ ।
ਯਿਸੂ ਦੇ ਨਾਮ ਵਿੱਚ ਇਹ ਛੋਟਾ ਬੱਚਾ ਚੰਗਾ ਹੋ ਜਾਵੇ ।
ਯਿਸੂ ਦੇ ਨਾਮ ਵਿੱਚ ਮੇਰੇ ਭਰਾ ਨੂੰ ਚੰਗਾ ਕਰ ।
ਯਿਸੂ ਦੇ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ।
ਯਿਸੂ ਦੇ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ।
ਯਿਸੂ ਨਾਮ ਵਿੱਚ ਇਹ ਛੋਟੀ ਲੜਕੀ ਠੀਕ ਹੋ ਜਾਵੇ ।
192 ਯਿਸੂ ਦੇ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ।
ਯਿਸੂ ਦੇ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ।
ਯਿਸੂ ਦੇ ਨਾਮ ਵਿੱਚ ਮੇਰੇ ਭਰਾ ਨੂੰ ਚੰਗਾ ਕਰ ।
ਯਿਸੂ ਦੇ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ।
ਯਿਸੂ ਦੇ ਨਾਮ ਵਿੱਚ ਮੇਰੇ ਭਰਾ ਨੂੰ ਚੰਗਾ ਕਰ ।
ਯਿਸੂ ਦੇ ਨਾਮ ਵਿੱਚ ਮੇਰੇ ਭਰਾ ਨੂੰ ਚੰਗਾ ਕਰ ।
ਯਿਸੂ ਦੇ ਨਾਮ ਵਿੱਚ ਮੇਰੇ ਭਰਾ ਨੂੰ ਚੰਗਾ ਕਰ ।
ਯਿਸੂ ਦੇ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ।
ਯਿਸੂ ਦੇ ਨਾਮ ਵਿੱਚ ਮੇਰੇ ਭਰਾ ਨੂੰ ਚੰਗਾ ਕਰ ।
ਯਿਸੂ ਦੇ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ।
ਯਿਸੂ ਦੇ ਨਾਮ ਵਿੱਚ ਮੇਰੇ ਭਰਾ ਨੂੰ ਚੰਗਾ ਕਰ ।
193 ਯਿਸੂ ਦੇ ਨਾਮ ਵਿੱਚ ਮੇਰੇ ਭਰਾ ਨੂੰ ਚੰਗਾ ਕਰ ।
ਯਿਸੂ ਦੇ ਨਾਮ ਵਿੱਚ ਮੇਰੇ ਭਰਾ ਨੂੰ ਚੰਗਾ ਕਰ ।
ਯਿਸੂ ਦੇ ਨਾਮ ਵਿੱਚ ਮੇਰੇ ਭਰਾ ਨੂੰ ਚੰਗਾ ਕਰ ।
ਯਿਸੂ ਦੇ ਨਾਮ ਵਿੱਚ ਮੇਰੇ ਭਰਾ ਨੂੰ ਚੰਗਾ ਕਰ ।
ਪ੍ਰਭੂ ਯਿਸੂ ਦੇ ਨਾਮ…?…ਪਰਮੇਸ਼ੁਰ ਦੀ ਮਹਿਮਾ ਦੇ ਲਈ ।
194 ਯਿਸੂ ਦੇ ਨਾਮ ਵਿੱਚ ਮੇਰੇ ਭਰਾ ਨੂੰ ਚੰਗਾਈ ਮਿਲੇ । ਇਸ ਨੂੰ ਛੱਡ ਦੇ ।

ਯਿਸੂ ਦੇ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ।
ਯਿਸੂ ਦੇ ਨਾਮ ਵਿੱਚ ਮੇਰੇ ਭਰਾ ਨੂੰ ਚੰਗਾ ਕਰ ।
ਯਿਸੂ ਦੇ ਨਾਮ ਵਿੱਚ ਮੇਰੇ ਭਰਾ ਨੂੰ ਚੰਗਾ ਕਰ ।
ਯਿਸੂ ਦੇ ਨਾਮ ਵਿੱਚ ਮੇਰੇ ਭਰਾ ਨੂੰ ਚੰਗਾ ਕਰ ।
ਯਿਸੂ ਦੇ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ।
ਯਿਸੂ ਦੇ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ।
ਯਿਸੂ ਨਾਮ ਵਿੱਚ ਇਹ ਬੱਚਾ ਠੀਕ ਹੋ ਜਾਵੇ ।
ਯਿਸੂ ਦੇ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ।
ਯਿਸੂ ਦੇ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ।
195 ਯਿਸੂ ਦੇ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ।
ਯਿਸੂ ਦੇ ਨਾਮ ਵਿੱਚ ਭੈਣ ਚੰਗੀ...?...
ਯਿਸੂ ਦੇ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ।
ਪ੍ਰਭੂ ਯਿਸੂ ਦੇ ਨਾਮ ਵਿੱਚ ਸਾਡੀ ਭੈਣ ਚੰਗੀ ਹੋ ਜਾਵੇ ।
ਯਿਸੂ ਦੇ ਨਾਮ ਵਿੱਚ ਮੇਰਾ ਭਰਾ ਚੰਗਾ ਜੋ ਜਾਵੇ ।
196 ਯਿਸੂ ਮਸੀਹ ਦੇ ਨਾਮ ਵਿੱਚ ਮੇਰੇ ਭਰਾ ਨੂੰ ਚੰਗਾ ਕਰ ਪ੍ਰਭੂ ।
ਯਿਸੂ ਦੇ ਨਾਮ ਵਿੱਚ ਮੇਰੇ ਭਰਾ ਨੂੰ ਚੰਗਾ ਕਰ ।
ਯਿਸੂ ਦੇ ਨਾਮ ਵਿੱਚ ਮੇਰੇ ਭਰਾ ਨੂੰ ਚੰਗਾ ਕਰ ।
ਯਿਸੂ ਦੇ ਨਾਮ ਵਿੱਚ ਮੇਰੇ ਭਰਾ ਨੂੰ ਚੰਗਾ ਕਰ ।
ਯਿਸੂ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ ।
ਯਿਸੂ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ ।
ਯਿਸੂ ਨਾਮ ਵਿੱਚ ਇਸ ਛੋਟੀ ਬੱਚੀ ਨੂੰ ਚੰਗਾ ਕਰ ।
ਯਿਸੂ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ ।
ਯਿਸੂ ਦੇ ਨਾਮ ਵਿੱਚ ਮੇਰੇ ਭਰਾ ਨੂੰ ਚੰਗਾ ਕਰ ।
ਯਿਸੂ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ ।
ਯਿਸੂ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ ।
ਯਿਸੂ ਨਾਮ ਵਿੱਚ ਇਸ ਬੱਚੇ ਨੂੰ ਚੰਗਾ ਕਰ ।
197 ਪ੍ਰਭੂ, ਯਿਸੂ ਦੇ ਨਾਮ ਵਿੱਚ ਇਸ ਬੱਚੇ ਨੂੰ ਚੰਗਾ ਕਰ ।
ਯਿਸੂ ਦੇ ਨਾਮ ਵਿੱਚ ਇਸ ਛੋਟੇ ਬੱਚੇ ਨੂੰ ਚੰਗਾ ਕਰ ।
ਯਿਸੂ ਦੇ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ ।
ਪ੍ਰਭੂ, ਯਿਸੂ ਦੇ ਨਾਮ ਵਿੱਚ ਮੇਰੀ ਭੈਣ ਕੋਲਿਨਸ ਨੂੰ ਚੰਗਾ ਕਰ ।

ਯਿਸੂ ਦੇ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ ।

ਯਿਸੂ ਮਸੀਹ ਦੇ ਨਾਮ ਵਿੱਚ ਮੇਰੇ ਭਰਾ ਨੂੰ ਚੰਗਾ ਕਰ ।

ਯਿਸੂ ਦੇ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ ।

198 ਹੁਣ ਆਪਣੇ ਅਵਿਸ਼ਵਾਸ ਨੂੰ ਤਿਆਗ ਦਿਓ ।

ਯਿਸੂ ਦੇ ਨਾਮ ਵਿੱਚ ਮੇਰੇ ਭਰਾ ਨੂੰ ਚੰਗਾ ਕਰ ।

ਯਿਸੂ ਦੇ ਨਾਮ ਵਿੱਚ ਮੇਰੇ ਭਰਾ ਨੂੰ ਚੰਗਾ ਕਰ ।

199 ਆਪਣੇ ਅਵਿਸ਼ਵਾਸ ਨੂੰ ਡੱਬੇ ਵਿੱਚ ਪਾ ਦਿਓ । ਸਿੱਧ ਵਿਸ਼ਵਾਸ ਨੂੰ ਲੈ ਲਵੋ ।

ਯਿਸੂ ਦੇ ਨਾਮ ਵਿੱਚ ਇਹ ਲੈ ਲਵੋ । ਇਹ ਹੋ ਜਾਵੇ ।

ਯਿਸੂ ਦੇ ਨਾਮ ਵਿੱਚ ਇਹ ਬਖਸ ਦੇ ਪ੍ਰਭੂ ।

ਯਿਸੂ ਦੇ ਨਾਮ ਵਿੱਚ ਇਹ ਬਖਸ ਦੇ ਪ੍ਰਭੂ ।

ਯਿਸੂ ਦੇ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ ।

ਯਿਸੂ ਦੇ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ ।

ਯਿਸੂ ਦੇ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ ।

ਯਿਸੂ ਦੇ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ, ਪ੍ਰਭੂ ।

ਯਿਸੂ ਦੇ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ!...?...

ਯਿਸੂ ਦੇ ਨਾਮ ਵਿੱਚ ਇਸ ਨੂੰ ਚੰਗਾ ਕਰ ।

ਯਿਸੂ ਦੇ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ ।

200 ਪ੍ਰਭੂ ਤੁਹਾਨੂੰ ਬਰਕਤ ਦੇਵੇ ਭਾਈ । ਯਿਸੂ ਦੇ ਨਾਮ ਵਿੱਚ ਮੇਰੇ ਭਾਈ ਕੋਕਸ ਨੂੰ ਚੰਗਾ ਕਰ, ਪ੍ਰਭੂ । ਪਰਮੇਸ਼ੁਰ ਦੀ ਮਹਿਮਾ ਹੋਵੇ!

ਯਿਸੂ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ ।

ਯਿਸੂ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ ।

ਯਿਸੂ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ ।

ਯਿਸੂ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ ।

ਯਿਸੂ ਨਾਮ ਵਿੱਚ ਮੇਰੇ ਭਰਾ ਨੂੰ ਚੰਗਾ ਕਰ ।

ਯਿਸੂ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ ।

ਯਿਸੂ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ ।

ਯਿਸੂ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ ।

201 ਹੁਣ ਚੇਤੇ ਰਖਣਾ ਮੈਂ ਕਿਸੇ ਮਕਸਦ ਲਈ ਇਥੇ ਵਿਸ਼ਵਾਸ ਦੀ ਹਰੇਕ ਬੂੰਦ ਨੂੰ ਜਿਨਾਂ ਮੇਰੇ ਕੋਲ ਹੈ ਪਾ ਰਿਹਾ ਹਾਂ ।

ਯਿਸੂ ਨਾਮ ਵਿੱਚ ਇਸ ਛੋਟੀ ਲੜਕੀ ਨੂੰ ਚੰਗਾ ਕਰ ।

ਯਿਸੂ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ ।

202 ਪਰਮੇਸ਼ੁਰ, ਮੈਂ ਆਪਣੇ ਹੱਥ ਇਸ ਬੱਚੇ ਉੱਤੇ ਰਖਦਾ ਹਾਂ। ਇਹ ਯਿਸੂ ਦੇ ਨਾਮ ਵਿੱਚ ਚੰਗਾ ਹੋ ਜਾਵੇ। ਆਮੀਨ।

ਯਿਸੂ ਦੇ ਨਾਮ ਵਿੱਚ ਇਸ ਛੋਟੀ ਲੜਕੀ ਨੂੰ ਚੰਗਾ ਕਰ।

ਯਿਸੂ ਦੇ ਨਾਮ ਵਿੱਚ ਮੇਰੇ ਭਰਾ ਨੂੰ ਚੰਗਾ ਕਰ।

ਯਿਸੂ ਨਾਮ ਵਿੱਚ ਮੇਰੇ ਭਰਾ ਨੂੰ ਚੰਗਾ ਕਰ।

203 ਛੋਟੀ ਬੱਚੀ? ਉਸ ਨੂੰ ਆਪਣੇ ਕੋਲ ਫੜ੍ਹ ਕੇ ਰਖੋ। ਯਿਸੂ ਮਸੀਹ ਦੇ ਨਾਮ ਵਿੱਚ ਇਹਨਾਂ ਨੂੰ ਚੰਗਾ ਕਰ, ਪ੍ਰਭੂ, ਤਾਂਕਿ ਤੇਰੀ ਮਹਿਮਾ ਹੋਵੇ।

ਯਿਸੂ ਦੇ ਨਾਮ ਵਿੱਚ ਸਾਡੀ ਭੈਣ ਨੂੰ ਚੰਗਾ ਕਰ।

ਯਿਸੂ ਦੇ ਨਾਮ ਵਿੱਚ ਸਾਡੀ ਭੈਣ ਨੂੰ ਚੰਗਾ ਕਰ।

ਯਿਸੂ ਦੇ ਨਾਮ ਵਿੱਚ ਮੇਰੇ ਭਰਾ ਨੂੰ ਚੰਗਾ ਕਰ।

ਯਿਸੂ ਦੇ ਨਾਮ ਵਿੱਚ ਸਾਡੀ ਭੈਣ ਨੂੰ ਚੰਗਾ ਕਰ।

ਯਿਸੂ ਦੇ ਨਾਮ ਵਿੱਚ ਮੇਰੇ ਭਰਾ ਨੂੰ ਚੰਗਾ ਕਰ।

ਯਿਸੂ ਦੇ ਨਾਮ ਵਿੱਚ ਸਾਡੀ ਭੈਣ ਨੂੰ ਚੰਗਾ ਕਰ।

ਯਿਸੂ ਦੇ ਨਾਮ ਵਿੱਚ ਸਾਡੀ ਭੈਣ ਨੂੰ ਚੰਗਾ ਕਰ।

ਯਿਸੂ, ਮੇਰੇ ਛੋਟੇ ਭਰਾ ਨੂੰ ਚੰਗਾ ਕਰ।

ਯਿਸੂ ਦੇ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ।

ਯਿਸੂ ਦੇ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ।

204 ਯਿਸੂ ਮਸੀਹ ਦੇ ਨਾਮ ਵਿੱਚ ਮੈਂ ਇਸ ਭੈਣ ਦੀ ਚੰਗਾਈ ਮੰਗਦਾ ਹਾਂ।

ਯਿਸੂ ਦੇ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ, ਪ੍ਰਭੂ।

ਯਿਸੂ ਦੇ ਨਾਮ ਵਿੱਚ, ਮੇਰੇ ਛੋਟੇ ਭਰਾ ਨੂੰ ਚੰਗਾ ਕਰ।

ਯਿਸੂ ਦੇ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ।

ਯਿਸੂ ਮਸੀਹ ਦੇ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ।

ਯਿਸੂ ਦੇ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ।

205 ਯਿਸੂ ਮਸੀਹ ਦੇ ਨਾਮ ਵਿੱਚ ਮੇਰੇ ਭਰਾ ਨੂੰ ਚੰਗਾ ਕਰ।

ਯਿਸੂ ਦੇ ਨਾਮ ਵਿੱਚ ਉਹਨਾਂ ਨੂੰ ਚੰਗਾ ਕਰ, ਪ੍ਰਭੂ।

ਯਿਸੂ ਦੇ ਨਾਮ ਵਿੱਚ ਮੇਰੇ ਭਰਾ ਨੂੰ ਚੰਗਾ ਕਰ।

ਯਿਸੂ ਦੇ ਨਾਮ ਵਿੱਚ ਮੇਰੇ ਭਰਾ ਨੂੰ ਚੰਗਾ ਕਰ।

ਯਿਸੂ ਦੇ ਨਾਮ ਵਿੱਚ ਮੇਰੇ ਭਰਾ ਨੂੰ ਚੰਗਾ ਕਰ।

ਯਿਸੂ ਦੇ ਨਾਮ ਵਿੱਚ ਮੇਰੇ ਭਰਾ ਨੂੰ ਚੰਗਾ ਕਰ।

ਯਿਸੂ ਦੇ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ।

ਯਿਸੂ ਦੇ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ।

ਯਿਸੂ ਦੇ ਨਾਮ ਵਿੱਚ ਮੇਰੇ ਭਰਾ ਨੂੰ ਚੰਗਾ ਕਰ ।

ਯਿਸੂ ਦੇ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ ।

ਯਿਸੂ ਦੇ ਨਾਮ ਵਿੱਚ ਮੇਰੇ ਭਰਾ ਨੂੰ ਚੰਗਾ ਕਰ ।

ਯਿਸੂ ਦੇ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ ।

ਯਿਸੂ ਦੇ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ ।

ਯਿਸੂ ਮਸੀਹ ਦੇ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ ।

ਮੇਰੀ ਭੈਣ ਨੂੰ ਚੰਗਾ ਕਰ ।

206 ਮੇਰੀ ਭੈਣ ਨੂੰ ਚੰਗਾ ਕਰ । ਪ੍ਰਭੂ, ਉਹਨਾਂ ਨੂੰ ਬਰਕਤ ਦੇ…?…ਯਿਸੂ ਦੇ ਨਾਮ ਵਿੱਚ ।

ਯਿਸੂ ਦੇ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ ।

ਯਿਸੂ ਦੇ ਨਾਮ ਵਿੱਚ ਸਾਡੇ ਭਰਾ ਨੂੰ ਚੰਗਾ ਕਰ ।

ਯਿਸੂ ਦੇ ਨਾਮ ਵਿੱਚ ਸਾਡੇ ਭਰਾ ਨੂੰ ਚੰਗਾ ਕਰ, ਪ੍ਰਭੂ ।

ਯਿਸੂ ਮਸੀਹ ਦੇ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ, ਪ੍ਰਭੂ ।

ਯਿਸੂ ਦੇ ਨਾਮ ਵਿੱਚ ਉਸਦੀ ਬੇਨਤੀ ਨੂੰ ਸਵੀਕਾਰ ਕਰ ।

ਯਿਸੂ ਦੇ ਨਾਮ ਵਿੱਚ ਮੇਰੇ ਭਰਾ ਨੂੰ ਚੰਗਾ ਕਰ ।

207 ਆਪਣੇ ਅਵਿਸ਼ਵਾਸ ਨੂੰ ਤਿਆਗ ਦਿਓ । ਹੁਣ ਵਿਸ਼ਵਾਸ ਕਰਦੇ ਹੋਏ ਆਓ, ਪਰਮੇਸ਼ੁਰ ਇਹ ਬਖਸ ਦੇਵੇਗਾ । ਵਿਸ਼ਵਾਸ ਕਰਦੇ ਹੋਏ ਆਓ ਅਤੇ ਪਰਮੇਸ਼ੁਰ ਬਖਸ ਦੇਵੇਗਾ । ਮੈਂ ਇਹ ਵਿਸ਼ਵਾਸ ਕਰਦਾ ਹਾਂ । ਮੈਂ ਉਸ ਸਾਰੇ ਵਿਸ਼ਵਾਸ ਦਾ ਇਸਤੇਮਾਲ ਕਰ ਰਿਹਾ ਹਾਂ ਜਿਨਾਂ ਮੇਰੇ ਕੋਲ ਹੈ । "ਉਹ ਬਿਮਾਰਾਂ ਉੱਤੇ ਹੱਥ ਰਖਣਗੇ ਅਤੇ ਉਹ ਚੰਗੇ ਹੋ ਜਾਣਗੇ" ।

ਯਿਸੂ ਨਾਮ ਵਿੱਚ ਮੇਰੇ ਭਰਾ ਨੂੰ ਚੰਗਾ ਕਰ ।

ਯਿਸੂ ਮਸੀਹ ਦੇ ਨਾਮ ਵਿੱਚ ਮੇਰੀ ਭੈਣ ਨੂੰ ਚੰਗਾ ਕਰ ।

208 ਭਾਈ ਨੇਵਿਲ ਇਹ ਵੇਖ ਕੇ ਕਿਵੇਂ ਮਹਿਸੂਸ ਹੋ ਰਿਹਾ ਹੈ? ਭਾਈ ਡਾਉਚ ਪਰਮੇਸ਼ੁਰ ਦੀ ਕਿਰਪਾ ਦਾ ਇਨਾਮ ਹੈ! ਇਹ ਆਦਮੀ ਇੱਕ ਜਾਂ ਦੋ ਹਫਤੇ ਪਹਿਲਾਂ ਮਰ ਗਿਆ ਹੁੰਦਾ ।

209 ਪਰਮੇਸ਼ੁਰ, ਯਿਸੂ ਮਸੀਹ ਦੇ ਨਾਮ ਵਿੱਚ, ਪਿਤਾ, ਤੂੰ ਜਰੂਰ ਉਸਨੂੰ ਪ੍ਰੇਮ ਕਰਦਾ ਹੈਂ ਕਿਓਂਕਿ ਤੂੰ ਉਸ ਲਈ ਮਹਾਨ ਕੰਮ ਕੀਤੇ ਹਨ । ਮੈਂ ਯਿਸੂ ਮਸੀਹ ਦੇ ਨਾਮ ਵਿੱਚ ਆਪਣੇ ਹੱਥ ਇਸ ਉੱਤੇ ਰਖਦਾ ਹਾਂ ।

210 ਪ੍ਰਭੂ ਪਰਮੇਸ਼ੁਰ, ਮੈਂ ਯਿਸੂ ਮਸੀਹ ਦੇ ਨਾਮ ਵਿੱਚ ਆਪਣੇ ਹੱਥ ਉਸਦੀ ਬਹੁਮੁਲੀ ਪਤਨੀ ਦੀ ਚੰਗਾਈ ਲਈ ਉਸ ਉੱਤੇ ਰਖਦਾ ਹਾਂ । ਆਮੀਨ ।

ਕੀ ਸਾਰੇ ਆ ਗਏ ਹਨ?

211 ਹੁਣ, ਆਓ ਆਪਣੇ ਸਿਰਾਂ ਨੂੰ ਝੁਕਾਈਏ ।

ਮਹਾਨ ਡਾਕਟਰ ਹੁਣ ਨੇੜੇ ਹੈ,
ਉਹ ਹਮਦਰਦੀ ਯਿਸੂ ਹੈ;
ਜੱਦ ਉਹ ਬੋਲਦਾ ਹੈ ਤਾਂ ਮੁਰਝਾਏ ਹਿਰਦੇ ਖਿੜ੍ਹ ਜਾਂਦੇ ਹਨ,
ਔਹ, ਯਿਸੂ ਦੀ ਅਵਾਜ ਨੂੰ ਸੁਣੋ ।

ਸਰਾਫੀਮਾਂ ਦੇ ਗੀਤ ਵਿੱਚ ਸਭ ਤੋਂ ਮਧੁਰ ਸਵਰ,
ਮਰਨਹਾਰ ਜੀਭ ਉਤੇ ਸਭ ਤੋਂ ਮਧੁਰ ਨਾਮ;
ਹੁਣ ਤੱਕ ਗਾਇਆ ਗਿਆ ਸਭ ਤੋਂ ਮਧੁਰ ਗੀਤ,
ਯਿਸੂ, ਧੰਨ ਯਿਸੂ ।

212 ਕੀ ਤੁਸੀਂ ਜਾਣਦੇ ਹੋ ਮੈਂ ਤੁਹਾਡੇ ਨਾਲ ਕੀ ਕੀਤਾ ਹੈ? ਤੁਸੀਂ ਮੈਨੂੰ ਆਪਣਾ "ਪਾਸਟਰ" ਆਖਦੇ ਹੋ ਅਤੇ ਠੀਕ ਕਹਿੰਦੇ ਹੋ ਕਿਉਂਕਿ ਮੈਂ ਹਾਂ । ਜੇਕਰ ਮੈਂ ਤੁਹਾਡਾ ਪਾਸਟਰ ਯਿਸੂ ਮਸੀਹ ਦੁਆਰਾ ਪ੍ਰਮਾਣਿਤ ਕੀਤਾ ਗਿਆ ਹਾਂ ਕਿ ਮੈਂ ਉਸਦੇ ਕੰਮ ਕਰਦਾ ਹਾਂ, ਤਾਂ ਮੇਰੇ ਵਚਨਾਂ ਦੀ ਪਰਤੀਤ ਕਰੋ । ਇਹ ਜੋ ਮੈਂ ਵਿਸ਼ਵਾਸ ਦਾ ਕੰਮ ਕੀਤਾ ਹੈ ਕਿ ਮੈਂ ਤੁਹਾਡੇ ਸਿਰ ਉੱਤੇ ਆਪਣੇ ਹੱਥ ਰਖੇ ਹਨ, ਮੈਂ ਉਸ ਨਾਲ ਉਹਨਾਂ ਬਿਮਾਰੀਆਂ ਅਤੇ ਪੀੜ੍ਹਾਂ ਨੂੰ ਖਤਮ ਕਰ ਦਿੱਤਾ ਹੈ ਜੋ ਤੁਹਾਨੂੰ ਪਰੇਸ਼ਾਨ ਕਰ ਰਹੀਆਂ ਸਨ । ਇਸ ਤੇ ਵਿਸ਼ਵਾਸ ਕਰੋਗੇ ਤਾਂ ਤੁਹਾਡੀਆਂ ਸਾਰੀਆਂ ਬੇਨਤੀਆਂ ਦਾ ਉੱਤਰ ਮਿਲ ਜਾਵੇਗਾ ਅਤੇ ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਤੁਹਾਡੀ ਕੀ ਬੇਨਤੀ ਹੈ ਕਿਉਂਕਿ ਵਿਸ਼ਵਾਸ ਕਰਨ ਵਾਲਿਆਂ ਲਈ ਸਭ ਕੁਝ ਸੰਭਵ ਹੈ । ਅਤੇ ਜਦੋਂ ਤੁਸੀਂ ਪ੍ਰਾਰਥਨਾ ਕਰੋ ਤਾਂ ਵਿਸ਼ਵਾਸ ਕਰੋ ਕਿ ਜੋ ਤੁਸੀਂ ਮੰਗਿਆ ਉਹ ਤੁਹਾਨੂੰ ਮਿਲ ਗਿਆ ਹੈ । ਅਤੇ ਮੈਂ ਸੱਚਮੁੱਚ ਵਿਸ਼ਵਾਸ ਕਰਦਾ ਹਾਂ ਕਿ ਇਹ ਮੈਨੂੰ ਮਿਲ ਗਿਆ ਹੈ ਅਤੇ ਮੈਂ ਆਪਣੇ ਦਿਲ ਵਿੱਚ ਤੁਹਾਡੇ ਸਭਨਾਂ ਦੀ ਚੰਗਾਈ ਨੂੰ ਸਵੀਕਾਰ ਕਰਦਾ ਹਾਂ, ਮੈਂ ਇਹ ਸਵੀਕਾਰ ਕਰਦਾ ਹਾਂ ਕਿ ਇਹ ਹੋ ਗਿਆ ਹੈ । ਜਿੰਨਾ ਮੇਰੇ ਅੰਦਰ ਹੈ ਮੈਂ ਉਸ ਸਾਰੇ ਨਾਲ ਇਸ ਤੇ ਵਿਸ਼ਵਾਸ ਕਰਦਾ ਹਾਂ । ਇਹਨਾਂ ਰੁਮਾਲਾਂ ਉੱਤੇ ਵੀ ਮੈਂ ਆਪਣੇ ਹੱਥ ਰਖਦਾ ਹਾਂ, ਮੈਂ ਇਹਨਾਂ ਨੂੰ ਧਿਆਨ ਨਾਲ ਵੇਖ ਰਿਹਾ ਹਾਂ, ਮੈਂ ਵਿਸ਼ਵਾਸ ਕਰਦਾ ਹਾਂ ਕਿ ਇਹ ਰੁਮਾਲ ਉਹੀ ਕੰਮ ਕਰਨਗੇ ਜਿਸ ਲਈ ਲੋਕਾਂ ਨੇ ਬੇਨਤੀ ਕੀਤੀ ਹੈ । ਮੈਂ—ਮੈਂ ਇਹ ਵਿਸ਼ਵਾਸ ਕਰਦਾ ਹਾਂ ।

213 ਇਹ ਉਸ ਤੀਸਰੀ ਖਿੱਚ ਵਿੱਚ ਆ ਰਿਹਾ ਹੈ! ਮੈਂ—ਮੈਂ ਇਸ ਤੇ ਵਿਸ਼ਵਾਸ ਕਰ ਰਿਹਾ ਹਾਂ । ਹੁਣ ਜੋ ਤੁਸੀਂ ਸਾਰੇ ਪ੍ਰਾਰਥਨਾ ਦੀ ਕਤਾਰ ਵਿਚੋਂ ਲੰਘ ਕੇ ਗਏ ਹੋ ਮੈਂ ਤੁਹਾਡੇ ਤੋਂ ਇੱਕ ਗੰਭੀਰ ਸਵਾਲ ਪੁਛਣਾ ਚਾਹੁੰਦਾ ਹਾਂ । ਕੀ ਤੁਸੀਂ ਸਚਮੁਚ ਵਿਸ਼ਵਾਸ ਕਰਦੇ ਹੋ ਅਤੇ ਇਹ ਮਹਿਸੂਸ ਕਰ ਸਕਦੇ ਹੋ ਕਿ ਜਦ ਤੋਂ ਤੁਹਾਡੇ ਉੱਤੇ ਹੱਥ ਰਖੇ ਗਏ ਹਨ ਤਦ ਤੋਂ ਤੁਹਾਡੇ ਅੰਦਰ ਕੁਝ ਹੋਇਆ ਹੈ! ਆਪਣੇ ਹੱਥ ਖੜ੍ਹੇ ਕਰੋ...?...ਇਹ ਇਥੇ ਹੈ । ਅਸੀਂ ਇਸ ਲਈ ਹੀ ਇੰਤਜ਼ਾਰ ਕੀਤਾ ਹੈ । ਹੁਣ, ਇਹ ਨਹੀਂ ਹੈ...ਇਸਨੇ ਬੱਸ ਅਜੇ ਖਿੜਨਾ ਸ਼ੁਰੂ ਕੀਤਾ ਹੈ । ਸਮਝੇ? ਇਸਨੇ ਅਜੇ ਸ਼ੁਰੁਆਤ ਕੀਤੀ ਹੈ...ਮੈਂ ਇਹ ਕਿਸੇ ਮਕਸਦ ਲਈ ਕੀਤਾ ਹੈ । ਮੈਂ ਇਹ ਕਿਸੇ ਮਕਸਦ ਲਈ ਕੀਤਾ ਹੈ । ਮੈਂ ਕੁਝ ਕਰਨ ਦੀ ਕੋਸ਼ਿਸ ਕਰ ਰਿਹਾ ਹਾ, ਸਮਝੇ, ਇਹ ਵਿਸ਼ਵਾਸ ਦੀ ਤਾਕਤ ਨੂੰ ਲੈ ਕੇ ਸ਼ੁਰੂ ਹੋ ਜਾਵੇਗਾ ਅਤੇ ਅੰਦਰ ਆ ਜਾਵੇਗਾ; ਇਹ ਵਿਸ਼ਵਾਸ ਨੂੰ ਇੰਨਾ ਉਚਾ ਕਰ ਦੇਵੇਗਾ ਜਿਨਾਂ ਤੁਸੀਂ ਕਦੇ ਨਹੀਂ ਵੇਖਿਆ ਸੀ । ਇੱਕ ਸਾਧਾਰਣ ਵਿਸ਼ਵਾਸ ਨਹੀਂ ਪਰ ਇੱਕ ਸਿੱਧ ਵਿਸ਼ਵਾਸ *ਇਥੇ* ਬਣਾਇਆ ਗਿਆ ਹੈ । ਅਤੇ ਸਿੱਧ ਪਰਮੇਸ਼ੁਰ ਨੂੰ ਸਿੱਧ ਮਨ ਨਾਲ ਆਪਣੇ ਸਿੱਧ ਵਚਨ ਦੁਆਰਾ ਆਪਣੇ ਵਾਅਦੇ ਨੂੰ ਪੂਰਾ ਕਰਦੇ ਹੋਏ ਵੇਖੋ, ਉਸਦੇ ਸਿੱਧ ਵਚਨ ਨਾਲ ਜੋ ਦੋ ਧਾਰੀ ਤਲਵਾਰ ਨਾਲੋਂ ਤਿੱਖਾ ਅਤੇ ਮਨ ਦੀਆਂ ਵਿਚਾਰਾਂ ਨੂੰ ਜਾਂਚ ਲੈਂਦਾ

ਹੈ । ਅਤੇ ਇਹ ਕੀ ਹੈ? ਹੁਣ ਅਸੀਂ ਸਿੱਧਤਾ ਵਾਲ ਵੱਧ ਰਹੇ ਹਾਂ ਕਿਓਂਕਿ ਲੋਕਾਂ ਨੂੰ ਉਠਾਏ ਜਾਣ ਲਈ ਵਿਵਸਥਾ ਵਿੱਚ ਆਉਣਾ ਹੈ । ਅਤੇ ਇਸ ਨੇ ਹੀ ਉਠਾਏ ਜਾਣ ਨੂੰ ਰੋਕ ਰਖਿਆ ਹੈ ਕਿਓਂਕਿ ਉਹ ਕਲੀਸਿਯਾ ਦਾ ਇੰਤਜ਼ਾਰ ਕਰ ਰਿਹਾ ਹੈ ਕਿ ਉਹ ਉਠਾਏ ਜਾਣ ਵਾਲੇ ਸਿੱਧ ਵਿਸ਼ਵਾਸ ਵਿੱਚ ਆ ਜਾਵੇ । ਉਹ ਇਸਦਾ ਇੰਤਜ਼ਾਰ ਕਰ ਰਿਹਾ ਹੈ । ਇਸਦਾ ਮਤਲਬ ਅਜੇ ਮੈਨੂੰ ਅਤੇ ਤੁਹਾਨੂੰ ਬਹੁਤ ਮਿਹਨਤ ਕਰਨੀ ਹੈ ਪਰ ਪਰਮੇਸ਼ੁਰ ਦੀ ਕਿਰਪਾ ਨਾਲ ਅਸੀਂ ਮਿਲ ਕੇ ਇਹ ਕਰ ਲਵਾਂਗੇ । ਆਮੀਨ ।

ਉਹ ਮਹਾਨ ਡਾਕਟਰ ਹੁਣ ਨੇੜੇ ਹੈ,
ਹਮਦਰਦੀ...

214 ਪ੍ਰਭੂ ਯਿਸੂ, ਮੇਰੇ ਪਿਆਰੇ ਭਾਈ ਨੂੰ ਬਰਕਤ ਦੇ । ਹੋਣ ਦੇ ਕਿ ਤੇਰਾ ਪਵਿੱਤਰ ਆਤਮਾ ਇਸ ਪਾਸਟਰ ਨੂੰ ਚੰਗਾ ਕਰੇ ਅਤੇ ਜਿਸ ਸੇਵਾ ਲਈ ਤੂੰ ਉਸ ਨੂੰ ਬੁਲਾਇਆ ਹੈ ਉਸ ਲਈ ਸਿਹਤ ਅਤੇ ਬਲ ਦੇਵੇ । ਯਿਸੂ ਦੇ ਨਾਮ ਵਿੱਚ ਮੈਂ ਇਹ ਮੰਗਦੇ ਹਾਂ । ਮੈਂ ਉਸ ਨੂੰ ਪ੍ਰੇਮ ਕਰਦਾ ਹਾਂ । ਅਸੀਂ ਇਸਦਾ ਦਾਅਵਾ ਕਰਦੇ ਹਾਂ । ਅਸੀਂ ਜਾਣਦੇ ਹਾਂ ਕਿ ਇਹ ਸਹੀ ਹੈ । ਅਸੀਂ ਹੁਣ ਇਹ ਵਿਸ਼ਵਾਸ ਕਰ ਰਹੇ ਹਾਂ ।

ਸਭ ਤੋਂ ਮਧੁਰ ਗੀਤ ਜੋ ਕਦੇ ਗਾਇਆ ਗਿਆ,
ਔਹ ਯਿਸੂ, ਧੰਨ ਯਿਸੂ ।

215 ਕੀ ਤੁਸੀਂ ਉਸ ਨੂੰ ਪ੍ਰੇਮ ਨਹੀਂ ਕਰਦੇ? ਬੱਸ ਇਹ ਸੋਚੋ ਕਿ ਤੁਹਾਡੀ ਚੰਗਾਈ ਦਾ ਕੰਮ ਤੁਹਾਡੇ ਸਰੀਰ ਵਿੱਚ ਪਹਿਲਾਂ ਹੀ ਸ਼ੁਰੂ ਹੋ ਗਿਆ ਹੈ ਕਿਓਂਕਿ ਉਸਨੇ ਵਾਅਦਾ ਕੀਤਾ ਸੀ ਕਿ ਇਹ ਹੋਵੇਗਾ । ਅਤੇ ਹੁਣ ਕੀ ਤੁਸੀਂ ਉਸਦੀ ਪਕੜ ਕੀਤੀ ਜੋ ਮੈਂ ਅੱਜ ਰਾਤ ਕਹਿ ਰਿਹਾ ਸੀ? ਕੀ ਤੁਸੀਂ ਇਸ ਬੁਝਾਰਤ ਦਾ ਅਰਥ ਸਮਝ ਗਏ ਹੋ? ਵੇਖੋ, “ਜੇਕਰ *ਤੁਸੀਂ* ਇਸ ਪਹਾੜ ਨੂੰ *ਕਹੋ*,” ਵੇਖਿਆ ਅਤੇ ਸ਼ੱਕ ਨਾ ਕਰੋ ਪਰ ਜੋ ਤੁਸੀਂ ਕਿਹਾ ਉਸ ਉੱਤੇ ਵਿਸ਼ਵਾਸ ਕਰੋ । ਹੁਣ ਤੁਸੀਂ ਵੇਖੋ, ਪੰਜ ਮਿੰਟਾਂ ਤੋਂ ਵੀ ਘੱਟ ਸਮੇਂ ਵਿੱਚ ਹਰੇਕ ਉਪਰ ਹੈ, ਇਹ ਦੱਸਣ ਲਈ ਕਿ ਕੰਮ ਉਹਨਾਂ ਦੇ ਅੰਦਰ ਸ਼ੁਰੂ ਹੋ ਗਿਆ ਹੈ । ਔਹ ਮੇਰੇ! ਉਹ ਇਥੇ ਹੈ । ਬੱਸ ਇਹ ਹੀ ਹੈ! ਇਹ ਕੀ ਹੈ? ਇਹ ਉਸ ਮਹਾਨ ਡਾਕਟਰ ਦੀ ਹਜ਼ੂਰੀ ਹੈ ।

216 ਔਹ, ਆਓ ਅਸੀਂ ਆਪਣੇ ਹੱਥ ਪਰਮੇਸ਼ੁਰ ਲਈ ਉਪਰ ਚੁੱਕਾਂਗੇ ਅਤੇ ਦੁਬਾਰਾ ਗਾਵਾਂਗੇ ।

ਮਹਾਨ ਡਾਕਟਰ ਹੁਣ ਨੇੜੇ ਹੈ,
ਉਹ ਹਮਦਰਦੀ ਯਿਸੂ ਹੈ;
ਜੱਦ ਉਹ ਬੋਲਦਾ ਹੈ ਤਾਂ ਮੁਰਝਾਏ ਹਿਰਦੇ ਖਿੜ੍ਹ ਜਾਂਦੇ ਹਨ,
ਔਹ, ਯਿਸੂ ਦੀ ਅਵਾਜ ਨੂੰ ਸੁਣੋ ।

ਸਰਾਫੀਮਾਂ ਦੇ ਗੀਤ ਵਿੱਚ ਸਭ ਤੋਂ ਮਧੁਰ ਸਵਰ,
ਮਰਨਹਾਰ ਜੀਭ ਉਤੇ ਸਭ ਤੋਂ ਮਧੁਰ ਨਾਮ;
ਹੁਣ ਤੱਕ ਗਾਇਆ ਗਿਆ ਸਭ ਤੋਂ ਮਧੁਰ ਗੀਤ,
ਯਿਸੂ, ਧੰਨ ਯਿਸੂ ।

217 ਆਓ ਇੱਕ ਮਿੰਟ ਖੜੇ ਹੋਵਾਂਗੇ । ਆਓ ਆਪਣੇ ਮਨ ਵਿੱਚ ਉਸਦੀ ਅਰਾਧਨਾ ਕਰੀਏ । ਇਸਦੇ ਬਾਰੇ ਸੋਚੋ: ਪਰਮੇਸ਼ੁਰ ਇਥੇ ਹੈ । ਉਹ ਇਥੇ ਹੈ । ਕੌਣ? ਜਿਸਨੇ ਆਪਣੇ ਆਪ ਨੂੰ

ਵਚਨ ਪ੍ਰਮਾਣਿਤ ਕੀਤਾ ਹੈ? "ਆਦ ਵਿੱਚ ਸ਼ਬਦ ਸੀ ਅਤੇ ਸ਼ਬਦ ਪਰਮੇਸ਼ੁਰ ਦੇ ਸੰਗ ਸੀ ਅਤੇ ਸ਼ਬਦ ਹੀ ਪਰਮੇਸ਼ੁਰ ਸੀ । ਅਤੇ ਸ਼ਬਦ ਦੇਹਧਾਰੀ ਹੋਇਆ ਅਤੇ ਸਾਡੇ ਵਿੱਚਕਾਰ ਵਾਸ ਕੀਤਾ, ਉਹ ਜੋ ਕਲ੍ਹ, ਅੱਜ ਅਤੇ ਯੁਗਾਂਯੁੱਗ ਇੱਕੋ ਜਿਹਾ ਹੈ । ਵਚਨ ਦੋ ਧਾਰੀ ਤਲਵਾਰ ਨਾਲੋਂ ਵੀ ਤਿੱਖਾ ਹੈ ਜੋ ਮਨ ਦੀਆਂ ਵਿਚਾਰਾਂ ਅਤੇ ਧਾਰਨਾ ਨੂੰ ਜਾਂਚ ਲੈਂਦਾ ਹੈ (ਉਹ ਇਹ ਜਾਣ ਲੈਂਦਾ ਹੈ ਕਿ ਤੁਸੀਂ ਇਥੇ ਕਿਸ ਮਕਸਦ ਲਈ ਆਏ ਹੋ ਅਤੇ ਤੁਸੀਂ ਕੌਣ ਹੋ)"; ਉਸਨੇ ਯਿਸੂ ਮਸੀਹ ਨੂੰ ਮਸੀਹਾ ਪ੍ਰਮਾਣਿਤ ਕੀਤਾ ਅਤੇ ਅੱਜ ਓਹ ਉਸੇ ਮਸੀਹਾ ਨੂੰ ਕਲ੍ਹ, ਅੱਜ ਅਤੇ ਯੁਗਾਂਯੁੱਗ ਇੱਕੋ ਜਿਹਾ ਪ੍ਰਮਾਣਿਤ ਕਰ ਰਿਹਾ ਹੈ ।

218 ਉਹ ਮਹਾਨ ਡਾਕਟਰ ਜੋ ਇਥੇ ਹੈ ਉਸਨੇ ਕਿਹਾ, "ਨਿਹਚਾ ਕਰਨ ਵਾਲਿਆਂ ਦੇ ਨਾਲ ਇਹ ਨਿਸ਼ਾਨ ਹੋਣਗੇ । ਜੇਕਰ ਉਹ ਆਪਣੇ ਹੱਥ ਬਿਮਾਰਾਂ ਉੱਤੇ ਰਖਣਗੇ ਤਾਂ ਉਹ ਚੰਗੇ ਹੋ ਜਾਣਗੇ । ਅਤੇ ਜੇਕਰ ਤੁਸੀਂ ਇਸ ਪਹਾੜ ਨੂੰ ਕਹੋ, 'ਉਖੜ ਜਾ,' ਅਤੇ ਆਪਣੇ ਮਨ ਵਿੱਚ ਭਰਮ ਨਾ ਕਰੋ ਪਰ ਵਿਸ਼ਵਾਸ ਕਰੋ" । ਜੇਕਰ ਉਹ ਗਲਹਿਰੀਆਂ ਦੀ ਰਚਨਾ ਕਰ ਸਕਦਾ ਹੈ ਜੋ ਗਲਹਿਰੀਆਂ ਵਿਸ਼ਵਾਸ ਵੀ ਨਹੀਂ ਕਰ ਸਕਦੀਆਂ, ਇਹ ਮੇਰਾ ਆਪਣਾ ਵਿਸ਼ਵਾਸ ਹੈ ਜੋ ਇਹ ਕਰਦਾ ਹੈ, ਉਸਨੇ ਮੈਨੂੰ ਜੋ ਮੰਗਣ ਦੀ ਚੁਣੌਤੀ ਦਿੱਤੀ । ਉਸਨੇ ਮੈਨੂੰ ਇਹ ਮੰਗਣ ਦੀ ਚੁਣੌਤੀ ਦਿੱਤੀ । ਅਤੇ ਮੈਂ ਉਸਦੇ ਵਚਨ ਦੀ ਆਗਿਆਕਾਰੀ ਕੀਤੀ ਅਤੇ ਇਸ ਚੁਣੌਤੀ ਨੂੰ ਸਵੀਕਾਰ ਕੀਤਾ ਅਤੇ ਮੈਂ ਜੋ ਮੰਗਿਆ ਹੋ ਪ੍ਰਗਟ ਹੋ ਗਿਆ! ਸਵਰਗ ਦਾ ਪਰਮੇਸ਼ੁਰ ਜਾਣਦਾ ਹੈ ਕਿ ਇਹ ਸੱਚ ਹੈ । ਕੀ ਉਹ ਬਿਮਾਰਾਂ ਨੂੰ ਵੀ ਚੰਗਾ ਨਹੀਂ ਕਰ ਸਕਦਾ? ਜੇਕਰ ਉਹ ਮੇਰੇ ਵਿਸ਼ਵਾਸ ਨੂੰ ਇਸ ਕੰਮ ਲਈ ਉਪਰ ਚੁੱਕ ਸਕਦਾ ਹੈ ਤਾਂ ਕਿ ਉਹ ਲੋਕਾਂ ਲਈ ਵੀ ਨਾ ਕਰੇਗਾ, ਭਾਵੇਂ ਉਹ ਉਸ ਵਿਸ਼ਵਾਸ ਦੀ ਤੱਕ ਨਾ ਪਹੁੰਚ ਸਕਦੇ ਹੋਣ । ਜੇਕਰ ਲੋਕ ਵਿਸ਼ਵਾਸ ਨਹੀਂ ਕਰ ਸਕਦੇ ਤਾਂ ਉਹ ਮੇਰੇ ਵਿਸ਼ਵਾਸ ਦਾ ਇਸਤੇਮਾਲ ਕਰੇਗਾ । ਉਹ ਮੈਨੂੰ ਉਸ ਜਗ੍ਹਾ ਤੱਕ ਉਪਰ ਚੁੱਕ ਸਕਦਾ ਹੈ ਅਤੇ ਮੈਂ ਤੁਹਾਡੇ ਲਈ ਉਪਰ ਚੜ੍ਹ ਰਿਹਾ ਹਾਂ । ਮੈਂ ਤੁਹਾਡੇ ਲਈ ਵਿਸ਼ਵਾਸ ਕਰ ਰਿਹਾ ਹਾਂ । ਮੈਂ ਤੁਹਾਡੇ ਲਈ ਬੋਲ ਰਿਹਾ ਹਾਂ ।

219 ਮੈਂ ਤੁਹਾਡਾ ਭਰਾ ਹਾਂ ਅਤੇ ਇੱਕ ਵਿਚੋਲੇ ਦੀ ਤਰਾਂ ਤੁਹਾਨੂੰ ਪਰਮੇਸ਼ੁਰ ਦੇ ਸਨਮੁਖ ਰਖਣ ਲਈ ਆਪਣੀ ਪੂਰੀ ਕੋਸ਼ਿਸ ਕਰ ਰਿਹਾ ਹਾਂ । ਅਤੇ ਹੁਣ ਮੈਂ ਇਥੇ ਠੀਕ ਚਿੱਟੇ ਸਿੰਘਾਸਣ ਦੇ ਸਾਹਮਣੇ ਖੜ੍ਹਾ ਹਾਂ ਅਤੇ ਆਪਣੀ ਉਂਗਲ ਉਸ ਲਹੂ ਦੇ ਬਲੀਦਾਨ ਵਲ ਕਰਦਾ ਹਾਂ ਅਤੇ ਉਸਦੇ ਨਾਮ ਵਿੱਚ ਬੋਲ ਰਿਹਾ ਹਾਂ ਕਿ ਇਹ ਕਰ ਦਿੱਤਾ ਗਿਆ ਹੈ । ਇਸ ਨੂੰ ਹੋਣਾ ਹੀ ਸੀ ਅਤੇ ਇਸ ਨੂੰ ਹੋਣਾ ਹੀ ਸੀ । ਤੁਸੀਂ ਜਾਣਦੇ ਹੋ ਇਹ ਹੋ ਗਿਆ ਹੈ । ਮੈਂ ਜਾਣਦਾ ਹਾਂ ਕਿ ਇਹ ਹੋ ਗਿਆ ਹੈ ਤੁਸੀਂ ਵੀ ਜਾਣਦੇ ਹੋ ਕਿ ਇਹ ਹੋ ਗਿਆ ਹੈ ਅਤੇ ਇਹ ਇਸ ਤਰਾਂ ਹੀ ਹੈ । ਇਹ ਠੀਕ ਹੈ । ਆਮੀਨ ।

...ਗੀਤ ਕਦੇ ਗਾਇਆ ਗਿਆ.
ਔਹ ਯਿਸੂ, ਧੰਨ ਯਿਸੂ ।

ਸਰਾਫੀਮਾਂ ਦੇ ਗੀਤ ਵਿੱਚ ਸਭ ਤੋਂ ਮਧੁਰ ਸਵਰ,
ਮਰਨਹਾਰ ਜੀਭ ਉਤੇ ਸਭ ਤੋਂ ਮਧੁਰ ਨਾਮ;
ਹੁਣ ਤੱਕ ਗਾਇਆ ਗਿਆ ਸਭ ਤੋਂ ਮਧੁਰ ਗੀਤ,
ਯਿਸੂ, ਧੰਨ ਯਿਸੂ ।

220 ਅਤੇ ਤੇਰੇ ਨਾਮ ਵਿੱਚ ਦੁਸਟ ਆਤਮਾਵਾਂ ਸਾਡੇ ਅਧੀਨ ਹਨ, ਉਹ ਨਾਮ ਜੋ ਮਰਨਹਾਰ ਜੀਭਾਂ ਉੱਤੇ ਸਭ ਤੋਂ ਮਧੁਰ ਨਾਮ ਹੈ । ਦੁਸਟ ਆਤਮਾਵਾਂ...ਜੋ–ਜੋ ਮਰਿਆਂ ਹੋਇਆਂ ਨੂੰ

ਜੁਆਲਦਾ ਹੈ, ਜੋ ਬਿਮਾਰਾਂ ਨੂੰ ਚੰਗਾ ਕਰਦਾ ਹੈ, ਜੋ ਕੋੜ੍ਹੀਆਂ ਨੂੰ ਸੁੱਧ ਕਰਦਾ ਹੈ, ਜੋ ਦੁਸਟ ਆਤਮਾਵਾਂ ਨੂੰ ਬਾਹਰ ਕੱਢਦਾ ਹੈ, ਜੋ ਮਸੀਹ ਬਣਾਉਂਦਾ ਹੈ। ਅਕਾਸ਼ ਦੇ ਹੇਠ ਹੋਰ ਕੋਈ ਨਾਮ ਨਹੀਂ ਹੈ। ਮੈਂ ਉਸ ਵਿੱਚ ਬਪਤਿਸਮਾ ਲਿਆ ਹੈ ਅਤੇ ਇਸ ਵਿੱਚ ਜਿਉਂਦਾ ਹਾਂ, ਇਸ ਵਿੱਚ ਵਿਸ਼ਵਾਸ ਕਰਦਾ ਹਾਂ, ਇਸ ਵਿੱਚ ਅਰਾਧਨਾ ਕਰਦਾ ਹਾਂ। ਔਹ ਮੈਨੂੰ ਇਸਦਾ ਹਿੱਸਾ ਬਣਨ ਦਿਓ। ਹੋਣ ਦੇ ਕਿ ਮੈਂ ਆਪਣਾ ਆਪ ਗੁਵਾ ਦੇਵਾਂ ਅਤੇ ਪ੍ਰਭੂ ਤੇਰੇ ਵਿੱਚ ਲਭ ਲਵਾਂ, ਉਹ ਨਾਮ ਯਿਸੂ ਮਸੀਹ ਹੈ, ਮਸ਼ਹ ਕੀਤਾ ਹੋਇਆ ਮਸੀਹਾ ਤਾਂਕਿ ਮੈਂ ਅਵਿਸ਼ਵਾਸ ਦੇ ਚਿੱਕੜ ਵਿਚੋਂ ਬਾਹਰ ਆ ਕੇ ਯਿਸੂ ਮਸੀਹ ਦੀ ਸੁੰਦਰਤਾ ਨੂੰ ਪ੍ਰਤੀਬਿੰਬਤ ਕਰ ਸਕਾਂ: ਉਹ ਯਿਸੂ ਜੋ ਕਲ੍ਹ, ਅੱਜ ਅਤੇ ਯੁਗਾਂਯੁੱਗ ਇੱਕੋ ਜਿਹਾ ਹੈ।

221 ਹੁਣ, ਪਰਮੇਸ਼ੁਰ ਤੁਹਾਨੂੰ ਬਰਕਤ ਦਵੇ। ਜਦੋਂ ਤੁਸੀਂ ਅਗਲੇ ਐਤਵਾਰ ਆਓ ਤਾਂ ਗਵਾਹੀ ਦੇਣਾ ਕਿ ਇਸ ਹਫਤੇ ਤੁਸੀਂ ਕਿਸ ਤਰਾਂ ਚੰਗੇ ਹੋਏ। ਵੇਖਣਾ ਕੀ ਹੁੰਦਾ ਹੈ। ਇਹ ਖਤਮ ਹੋ ਗਿਆ ਹੈ! "ਤੁਸੀਂ ਕਿਵੇਂ ਜਾਣਦੇ ਹੋ?"

222 ਉਸ ਨੇ ਮੈਨੂੰ ਇਹ ਕਹਿਣ ਲਈ ਕਿਹਾ ਹੈ "ਇਸ ਨੂੰ ਕਹਿ ਦੇ", ਅਤੇ ਮੈਂ ਇਹ ਕਹਿ ਦਿੱਤਾ। ਬੱਸ ਇਹ ਹੀ ਹੈ। ਇਹ ਹੀ ਹੈ। ਇਹ ਖਤਮ ਹੋ ਗਿਆ ਹੈ। ਮੈਂ ਇਹ ਵਿਸ਼ਵਾਸ ਕਰਦਾ ਹਾਂ। ਹੁਣ ਪਾਸਟਰ ਭਾਈ ਨੇਵਿਲ।

223 ਬੱਸ ਇੱਕ ਮਿੰਟ ਰੁਕੋ। [ਇੱਕ ਭਾਈ ਪਰਾਈ ਭਾਸ਼ਾ ਵਿੱਚ ਬੋਲਦਾ ਹੈ। ਇੱਕ ਹੋਰ ਭਾਈ ਉਸਦਾ ਅਨੁਵਾਦ ਕਰਦਾ ਹੈ–ਸੰਪਾਦਕ।]

224 ਪਰਮੇਸ਼ੁਰ ਦਾ ਨਾਮ ਧੰਨ ਹੋਵੇ। ਆਓ ਇੱਕ ਮਿੰਟ ਲਈ ਆਪਣੇ ਹੱਥ ਉੱਪਰ ਚੁੱਕ ਕੇ ਉਸਦੀ ਅਰਾਧਨਾ ਕਰਾਂਗੇ।

225 ਪ੍ਰਭੂ, ਅਸੀਂ ਤੇਰਾ ਧੰਨਵਾਦ ਕਰਦੇ ਹਾਂ। ਪ੍ਰਭੂ, ਅਸੀਂ ਤੇਰਾ ਧੰਨਵਾਦ ਕਰਦੇ ਹਾਂ। ਪਿਤਾ, ਤੇਰਾ ਧੰਨਵਾਦ। ਪਿਤਾ, ਤੇਰਾ ਧੰਨਵਾਦ।

226 ਇੱਕ ਵਿਸ਼ਵਾਸੀ ਦੀ ਤਰ੍ਹਾਂ ਕੀ ਤੁਸੀਂ ਧਿਆਨ ਦਿੱਤਾ ਕਿ ਸੰਦੇਸ਼ ਕਿੰਨੀ ਦੂਰ ਤੋਂ ਬੋਲਿਆ ਗਿਆ ਅਤੇ ਕਿਸ ਲੈਅ ਵਿੱਚ ਬੋਲਿਆ ਗਿਆ ਅਤੇ ਕਿਵੇਂ ਉਸਦਾ ਅਨੁਵਾਦ ਵੀ ਉਸੇ ਲੈਅ ਵਿੱਚ ਆਇਆ? ਬੱਸ ਇਹ ਹੀ ਹੈ। ਵੇਖੋ ਇਹ ਕੀ ਸੀ, ਇਹ ਠੀਕ ਸੰਦੇਸ ਦੇ ਅਨੁਸਾਰ ਸੀ ਅਤੇ ਇਹ ਸਾਬਤ ਕਰ ਰਿਹਾ ਸੀ ਕਿ ਇਹ ਸੱਚ ਹੈ ਕਿ ਉਸਨੇ ਜੋ ਤੁਹਾਡੇ ਨਾਲ ਕਰਨ ਦਾ ਵਾਅਦਾ ਕੀਤਾ ਸੀ ਉਹ ਪਹਿਲਾਂ ਹੀ ਕਰ ਦਿੱਤਾ ਹੈ। ਜਿਸ ਤਰੀਕੇ ਨਾਲ ਇਹ ਆਇਆ ਅਤੇ ਜਿਸ ਤਰੀਕੇ ਨਾਲ ਇਸਦਾ ਅਨੁਵਾਦ ਕੀਤਾ ਗਿਆ ਉਸ ਉੱਤੇ ਧਿਆਨ ਦਿਓ। ਧਿਆਨ ਦਿਓ ਕਿ ਉਹ ਕਿੰਨਾ ਚਿਰ ਬੋਲਿਆ ਅਤੇ ਉਸਨੇ ਕਿੰਨੇ ਸ਼ਬਦ ਕਹੇ, ਵੇਖਿਆ, ਇਹ ਠੀਕ ਇਕਸਾਰਤਾ ਵਿੱਚ ਸਨ।

ਜੱਦ ਤੱਕ ਮੈਂ ਤੁਹਾਨੂੰ ਫਿਰ ਮਿਲਾਂ, ਪਰਮੇਸ਼ੁਰ ਤੁਹਾਨੂੰ ਬਰਕਤ ਦਵੇ। ਆਮੀਨ

***ਸਿੱਧ ਵਿਸ਼ਵਾਸ*** PUN63-0825E

(Perfect Faith)

ਇਹ ਸੰਦੇਸ਼ ਭਾਈ ਵਿਲੀਅਮ ਮੇਰੀਅਨ ਬ੍ਰਾਨਹਾਮ ਦੁਆਰਾ ਅੰਗਰੇਜੀ ਭਾਸ਼ਾ ਵਿੱਚ ਐਤਵਾਰ ਸ਼ਾਮ 25 ਅਗਸਤ, 1963 ਨੂੰ ਬ੍ਰਾਨਹਾਮ ਟੇਬਰਨੇਕਲ, ਜੈਫਰਸਨਵਿਲੇ, ਇੰਡਿਆਨਾ, ਸੰਯੁਕਤ ਰਾਜ ਅਮਰੀਕਾ ਵਿੱਚ ਪ੍ਰਚਾਰ ਕੀਤਾ ਗਿਆ ਅਤੇ ਇਹ ਚੁੰਬਕੀ ਟੇਪ ਰਿਕਾਰਡਿੰਗ ਤੋਂ ਲਿਆ ਗਿਆ ਹੈ ਅਤੇ ਅੰਗਰੇਜ਼ੀ ਵਿੱਚ ਬਿਨਾਂ ਕੁਝ ਘਟਾਏ ਵਧਾਏ ਛਾਪਿਆ ਗਿਆ ਹੈ । ਇਹ ਪੰਜਾਬੀ ਅਨੁਵਾਦ ਵਾਇਸ ਆਫ ਗੋਡ ਰਿਕਾਰਡਿੰਗਸ ਵਲੋਂ ਛਾਪਿਆ ਅਤੇ ਵੰਡਿਆ ਗਿਆ ਹੈ ।

PUNJABI

©2018 VGR, ALL RIGHTS RESERVED

VOICE OF GOD RECORDINGS, INDIA OFFICE
19 (NEW NO: 28) SHENOY ROAD, NUNGAMBAKKAM
CHENNAI 600 034, INDIA
044 28274560 • 044 28251791
india@vgroffice.org

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org

## Copyright notice

All rights reserved. This book may be printed on a home printer for personal use or to be given out, free of charge, as a tool to spread the Gospel of Jesus Christ. This book cannot be sold, reproduced on a large scale, posted on a website, stored in a retrieval system, translated into other languages, or used for soliciting funds without the express written permission of Voice Of God Recordings®.

For more information or for other available material, please contact:

Voice Of God Recordings
P.O. Box 950, Jeffersonville, Indiana 47131 U.S.A.
www.branham.org